# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date-27.03.24

www.hsnnews.in | PUNPUN/2024/86289 | President:-Sam dhillion | Email:info@hsnnews.in

Vol.11 | March-2024 | Published in Canada | Pages 8


## ਕੈਨੇਡਾ ਵਿਚ ਜਾਨਲੇਵਾ ਹਾਦਸੇ ਦੇ ਮਾਮਲੇ ’ਚ 29 ਸਾਲਾ ਪੰਜਾਬੀ ਗ੍ਰਿਫ਼ਤਾਰ

ਕੈਨੇਡਾ ਵਿਚ ਬਰੈਂਪਟਨ ਵਿਖੇ ਦੋ ਮਹੀਨੇ ਪਹਿਲਾਂ ਵਾਪਰੇ ਜਾਨਲੇਵਾ ਹਾਦਸੇ ਦੇ ਮਾਮਲੇ ਵਿਚ 29 ਸਾਲ ਦੇ ਸੁਖਜਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੀਲ ਰੀਜਨਲ ਪੁਲਸ ਨੇ ਦੱਸਿਆ ਕਿ ਬਰੈਂਪਟਨ ਦੇ ਮਕਵੀਅਨ ਡਰਾਈਵ ਅਤੇ ਕੈਸਲਮੋਰ ਰੋਡ ਇਲਾਕੇ ਵਿਚ 14 ਜਨਵਰੀ ਨੂੰ ਸਵੇਰੇ ਸਵਾ ਚਾਰ ਵਜੇ ਐਮਰਜੈਂਸੀ ਕਾਮਿਆਂ ਨੂੰ ਸੱਦਿਆ ਗਿਆ, ਜਿਥੇ ਇਕ ਖੰਭੇ ਨਾਲ ਟਕਰਾਉਣ ਮਗਰੋਂ ਕਾਰ ਮੂਧੀ ਵੱਜ ਗਈ। ਪੁਲਸ ਮੁਤਾਬਕ ਕਾਰ ਵਿਚ ਸਵਾਰ ਇਕ ਪੁਰਸ਼ ਨੂੰ ਬਾਹਰ ਕੱਢਿਆ ਗਿਆ ਜੋ ਮਰ ਚੁੱਕਾ ਸੀ ਜਦਕਿ ਡਰਾਈਵਰ ਸਣੇ ਹੋਰ ਸਵਾਰ ਮੌਕੇ ਤੋਂ ਫਰਾਰ ਹੋ ਗਏ।ਓਂਟਾਰੀਓ ਦੇ ਪੈਰਿਸ ਸ਼ਹਿਰ ਨਾਲ ਸਬੰਧਤ ਸੁਖਜਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਸ ਵਿਰੁੱਧ ਖ਼ਤਰਨਾਕ ਤਰੀਕੇ ਨਾਲ ਡਰਾਈਵਿੰਗ ਕਰਦਿਆਂ ਮੌਤ ਦਾ ਕਾਰਨ ਬਣਨ ਅਤੇ ਹਾਦਸੇ ਮਗਰੋਂ ਮੌਕੇ ’ਤੇ ਮੌਜੂਦ ਰਹਿਣ ਵਿਚ ਅਸਫਲ ਰਹਿਣ ਦੇ ਦੋਸ਼ ਆਇਦ ਕੀਤੇ ਗਏ ਹਨ। ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਸੁਖਜਿੰਦਰ ਸਿੰਘ ਨੂੰ ਜ਼ਮਾਨਤ ਦੇ ਦਿਤੀ ਗਈ ਹੈ ਅਤੇ ਉਹ ਜਲਦ ਹੀ ਬਰੈਂਪਟਨ ਦੀ ਅਦਾਲਤ ਵਿਚ ਅਗਲੀ ਸੁਣਵਾਈ ਦੌਰਾਨ ਪੇਸ਼ ਹੋਵੇਗਾ। ਦੂਜੇ ਪਾਸੇ ਪੁਲਸ ਵੱਲੋਂ ਮਾਮਲੇ ਦੀ ਪੜਤਾਲ ਅੱਗੇ ਵਧਾਈ ਜਾ ਰਹੀ ਹੈ ਅਤੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਕੋਲ ਮਾਮਲੇ ਨਾਲ ਸਬੰਧਤ ਕੋਈ ਜਾਣਕਾਰੀ ਹੋਵੇ ਤਾਂ 905 453 2121 ਐਕਸਟੈਨਸ਼ਨ 3710 ’ਤੇ ਸੰਪਰਕ ਕਰੇ। ਗੁਪਤ ਤਰੀਕੇ ਨਾਲ ਜਾਣਕਾਰੀ ਦੇਣ ਲਈ ਕ੍ਰਾਈਮ ਸਟੌਪਰਜ਼ ਨਾਲ 1800 222 8477 ’ਤੇ ਕਾਲ ਕੀਤੀ ਜਾ ਸਕਦੀ ਹੈ।




## ਕੈਨੇਡਾ ਚ ਰਾਤੋ-ਰਾਤ ਬਦਲੀ ਭਾਰਤੀ ਮੂਲ ਦੇ ਸੰਦੀਪ ਪਟੇਲ ਦੀ ਕਿਸਮਤ

ਕੈਨੇਡਾ ਵਿੱਚ ਰਹਿਣ ਵਾਲੇ ਇਕ ਗੁਜਰਾਤੀ ਮੂਲ ਦੇ ਸੰਦੀਪ ਪਟੇਲ ਦਾ ਜੈਕਪਾਟ ਲੱਗਾ ਹੈ, ਜਿਸ ਵਿਚ ਉਸ ਨੇ ਰਾਤੋ-ਰਾਤ 10 ਲੱਖ ਕੈਨੇਡੀਅਨ ਡਾਲਰ ਯਾਨੀ 1 ਮਿਲੀਅਨ ਡਾਲਰ ਦਾ ਇਨਾਮ ਜਿੱਤਿਆ ਹੈ। ਜੇਕਰ ਇਸ ਰਕਮ ਨੂੰ ਰੁਪਏ ਵਿੱਚ ਬਦਲਿਆ ਜਾਵੇ ਤਾਂ ਇਹ 6.13 ਕਰੋੜ ਰੁਪਏ ਤੋਂ ਵੱਧ ਦੀ ਰਕਮ ਬਣਦੀ ਹੈ। ਲਾਟਰੀ ਜੇਤੂ ਸੰਦੀਪ ਪਟੇਲ ਓਨਟਾਰੀਓ ਖੇਤਰ ਦੇ ਅਰਨਪ੍ਰਿਅਰ ਨਾਂ ਦੇ ਕਸਬੇ ਵਿੱਚ ਰਹਿੰਦਾ ਹੈ ਅਤੇ ਆਪਣਾ ਕਾਰੋਬਾਰ ਵੀ ਚਲਾਉਂਦਾ ਹੈ। ਸੰਦੀਪ ਪਟੇਲ ਹਫ਼ਤੇ ਵਿੱਚ 2 ਤੋਂ 3 ਲਾਟਰੀ ਦੀਆਂ ਟਿਕਟਾਂ ਖਰੀਦਦਾ ਸੀ। ਦਰਅਸਲ ਸੰਦੀਪ ਪਟੇਲ ਨੇ 2023 ਵਿੱਚ ਇੱਕ ਲਾਟਰੀ ਟਿਕਟ ਖ਼ਰੀਦੀ ਸੀ, ਜਿਸ ਦਾ ਡਰਾਅ 29 ਜੁਲਾਈ 2023 ਨੂੰ ਨਿਕਲ ਚੁੱਕਾ ਸੀ ਪਰ ਕੁੱਝ ਦਿਨ ਪਹਿਲਾਂ ਜਦੋਂ ਉਹ ਆਪਣੀ ਕਾਰ ਦੀ ਸਫ਼ਾਈ ਕਰ ਰਿਹਾ ਸੀ ਤਾਂ ਉਸ ਨੂੰ ਪੁਰਾਣੀ ਲਾਟਰੀ ਟਿਕਟ ਮਿਲੀ, ਜਦੋਂ ਸੰਦੀਪ ਪਟੇਲ ਨੇ ਲਾਟਰੀ ਟਿਕਟ ਸਕੈਨ ਕੀਤੀ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਨੇ 1 ਮਿਲੀਅਨ ਡਾਲਰ ਦੀ ਰਕਮ ਜਿੱਤ ਲਈ ਹੈ। ਕਿਉਂਕਿ ਉਸ ਦੀ ਲਾਟਰੀ ਦੇ 7 ਨੰਬਰ ਲੱਕੀ ਡਰਾਅ ਨਾਲ ਮੇਲ ਖਾ ਰਹੇ ਸਨ। ਇਸ ਮਗਰੋਂ ਉਹ ਆਪਣੀ ਟਿਕਟ ਲੈ ਕੇ ਟੋਰਾਂਟੋ ਪਹੁੰਚਿਆ, ਜਿੱਥੇ ਉਸ ਨੂੰ 1 ਮਿਲੀਅਨ ਡਾਲਰ ਦਾ ਚੈੱਕ ਭੇਟ ਕੀਤਾ ਗਿਆ। ਸੰਦੀਪ ਪਟੇਲ ਨੂੰ ਬੀਤੀ 19 ਮਾਰਚ 2024 ਨੂੰ 1 ਮਿਲੀਅਨ ਡਾਲਰ ਦਾ ਚੈੱਕ ਮਿਲਿਆ। ਸੰਦੀਪ ਪਟੇਲ ਦਾ ਕਹਿਣਾ ਹੈ ਕਿ ਉਹ ਇਨ੍ਹਾਂ ਪੈਸਿਆਂ ਨਾਲ ਆਪਣੇ ਹੋਮ ਲੋਨ ਦਾ ਭੁਗਤਾਨ ਕਰੇਗਾ ਅਤੇ ਆਪਣੇ ਨਿਵੇਸ਼ ਦੇ ਕੁਝ ਟੀਚਿਆਂ ਨੂੰ ਪੂਰਾ ਕਰੇਗਾ, ਜਦੋਂ ਕਿ ਬਾਕੀ ਬਚੀ ਰਕਮ ਦੀ ਬਚਤ ਕਰੇਗਾ। ਹਮੇਸ਼ਾ ਲਾਟਰੀ ਦੀਆਂ ਟਿਕਟਾਂ ਖਰੀਦਣ ਵਾਲੇ ਸੰਦੀਪ ਪਟੇਲ ਨੇ ਮੰਨਿਆ ਕਿ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਇਕ ਦਿਨ ਉਹ ਲਾਟਰੀ ਜਿੱਤ ਜਾਵੇਗਾ, ਪਰ ਉਸ ਦੀ ਪਤਨੀ ਨੂੰ ਵਿਸ਼ਵਾਸ ਸੀ ਕਿ ਉਹ ਦਿਨ ਜ਼ਰੂਰ ਆਵੇਗਾ। ਇਥੇ ਦੱਸ ਦੇਈਏ ਕਿ ਜ਼ਿਆਦਾਤਰ ਦੇਸ਼ਾਂ ਵਿੱਚ ਲਾਟਰੀ ਜਿੱਤਣ ਵਾਲੇ ਵਿਅਕਤੀ ਨੂੰ ਭਾਰੀ ਟੈਕਸ ਅਦਾ ਕਰਨਾ ਪੈਂਦਾ ਹੈ, ਪਰ ਕੈਨੇਡਾ ਵਿੱਚ ਲਾਟਰੀ ਵਿੱਚ ਜਿੱਤਣ ਵਾਲੇ ਵੱਲੋਂ ਕੋਈ ਟੈਕਸ ਨਹੀਂ ਅਦਾ ਕੀਤਾ ਜਾਂਦਾ ਹੈ।




## ਕੈਨੇਡਾ ਨੂੰ ਚੀਨੀ ਹੈਕਰਾਂ ਦੁਆਰਾ ਬਣਾਇਆ ਗਿਆ ਨਿਸ਼ਾਨਾ



ਕੈਨੇਡਾ ਦੀ ਇਲੈਕਟ੍ਰਾਨਿਕ ਖੁਫੀਆ ਏਜੰਸੀ ਦਾ ਕਹਿਣਾ ਹੈ ਕਿ ਉਹੀ ਹੈਕਿੰਗ ਗਰੁੱਪ ਜਿਸ 'ਤੇ ਯੂ.ਕੇ. ਅਤੇ ਯੂ.ਐੱਸ. ਨੇ ਬੀਜਿੰਗ ਨਾਲ ਜੁੜੀ ਵਿਆਪਕ ਸਾਈਬਰ ਜਾਸੂਸੀ ਮੁਹਿੰਮ ਦਾ ਦੋਸ਼ ਲਗਾਇਆ ਹੈ, ਨੇ ਕੈਨੇਡਾ ਨੂੰ ਵੀ ਨਿਸ਼ਾਨਾ ਬਣਾਇਆ ਹੈ।ਯੂਐਸ ਅਤੇ ਬ੍ਰਿਟਿਸ਼ ਅਧਿਕਾਰੀਆਂ ਨੇ ਸੋਮਵਾਰ ਨੂੰ ਪਾਬੰਦੀਆਂ ਲਗਾਈਆਂ, ਦੋਸ਼ ਦਾਇਰ ਕੀਤੇ ਅਤੇ ਚੀਨ ਦੀ ਸਰਕਾਰ 'ਤੇ ਸਾਈਬਰ ਹਮਲਿਆਂ ਵਿਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਜਿਸ ਵਿਚ ਸੰਸਦ ਮੈਂਬਰਾਂ, ਪੱਤਰਕਾਰਾਂ, ਅਕਾਦਮਿਕ ਅਤੇ ਰੱਖਿਆ ਠੇਕੇਦਾਰਾਂ ਸਮੇਤ ਲੱਖਾਂ ਲੋਕਾਂ ਨੂੰ ਮਾਰਿਆ ਗਿਆ ਸੀ।ਅਟਲਾਂਟਿਕ ਦੇ ਦੋਵਾਂ ਪਾਸਿਆਂ ਦੇ ਅਧਿਕਾਰੀ ਹੈਕਿੰਗ ਸਮੂਹ ਨੂੰ ਕਾਲ ਕਰਦੇ ਹਨ ਜੋ ਕਥਿਤ ਤੌਰ 'ਤੇ ਐਡਵਾਂਸਡ ਪਰਸਿਸਟੈਂਟ ਥ੍ਰੇਟ 31 ਜਾਂ "APT31" ਵਿੱਚ ਸ਼ਾਮਲ ਹੈ। ਯੂਕੇ ਅਤੇ ਯੂਐਸ ਦਾ ਦੋਸ਼ ਹੈ ਕਿ ਇਹ ਸਮੂਹ ਚੀਨ ਦੇ ਰਾਜ ਸੁਰੱਖਿਆ ਮੰਤਰਾਲੇ ਦੀ ਇੱਕ ਬਾਂਹ ਹੈ। "ਅਸੀਂ ਨਾਜ਼ੁਕ ਬੁਨਿਆਦੀ ਢਾਂਚੇ ਲਈ ਲਚਕੀਲਾਪਣ ਬਣਾਉਣ ਦੇ ਮਾਮਲੇ ਵਿੱਚ ਫਾਈਵ ਆਈਜ਼ ਦੇਸ਼ਾਂ ਦੇ ਇੱਕ ਸਮੂਹ ਵਜੋਂ ਕੰਮ ਕਰਨਾ ਜਾਰੀ ਰੱਖਦੇ ਹਾਂ," ਉਸਨੇ ਕਿਹਾ।"ਚੀਨ ਨਿਸ਼ਚਿਤ ਤੌਰ 'ਤੇ ਇਸ ਖੇਤਰ ਵਿੱਚ ਖ਼ਤਰੇ ਦੇ ਅਦਾਕਾਰਾਂ ਵਿੱਚੋਂ ਇੱਕ ਹੈ ਪਰ ਉਹ ਇਕੱਲੇ ਨਹੀਂ ਹਨ। ਹੋਰ ਦੇਸ਼ ਵੀ ਹਨ ਜੋ ਇਸ ਖੇਤਰ ਵਿੱਚ ਚੰਗੀ ਤਰ੍ਹਾਂ ਸਰਗਰਮ ਹਨ।" ਲੇਬਲੈਂਕ ਨੇ ਕਿਹਾ ਕਿ ਕੈਨੇਡਾ ਜੋ ਸਭ ਤੋਂ ਵਧੀਆ ਕਦਮ ਚੁੱਕ ਸਕਦਾ ਹੈ ਉਹ ਹੈ "ਸਭ ਤੋਂ ਵਧੀਆ ਸਾਈਬਰ ਰੱਖਿਆ ਵਿੱਚ ਨਿਵੇਸ਼ ਕਰਨਾ" ਅਤੇ ਜੋ ਕੁਝ ਇਸ ਨੇ ਆਪਣੇ ਫਾਈਵ ਆਈ ਸਹਿਯੋਗੀਆਂ ਨਾਲ ਸਿੱਖਿਆ ਹੈ ਉਸਨੂੰ ਸਾਂਝਾ ਕਰਨਾ ਹੈ।

# ਐਕਸ਼ਨ ਮੋਡ ਚ ED, ਹੁਣ ਆਪ ਨੇਤਾ ਦੀਪਕ ਸਿੰਘਲਾ ਦੇ ਘਰ ਛਾਪੇਮਾਰੀ

ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਦਿੱਲੀ ਆਬਕਾਰੀ ਨੀਤੀ ਵਿਚ ਘਪਲੇ ਮਾਮਲੇ 'ਚ ਆਮ ਆਦਮੀ ਪਾਰਟੀ (ਆਪ) ਦੇ ਇਕ ਹੋਰ ਆਗੂ ਦੇ ਘਰ ਛਾਪਾ ਮਾਰਿਆ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਦੀਪਕ ਸਿੰਗਲਾ 'ਆਪ' ਦੇ ਦੂਜੇ ਆਗੂ ਹਨ, ਜਿਨ੍ਹਾਂ ਦੇ ਘਰ ਈਡੀ ਵੱਲੋਂ ਛਾਪੇਮਾਰੀ ਕੀਤੀ ਗਈ ਹੈ। ਦੀਪਕ ਸਿੰਗਲਾ 'ਆਪ' ਦੇ ਸਾਬਕਾ ਉਮੀਦਵਾਰ ਹਨ। ਉਨ੍ਹਾਂ ਨੇ ਆਮ ਆਦਮੀ ਪਾਰਟੀ ਵੱਲੋਂ ਵਿਸ਼ਵਾਸ ਨਗਰ ਤੋਂ ਚੋਣ ਲੜੀ ਸੀ। ਇਸ ਤੋਂ ਇਲਾਵਾ ਉਹ ਗੋਆ ਦੇ 'ਆਪ' ਇੰਚਾਰਜ ਅਤੇ MCD ਦੇ ਸਹਿ-ਇੰਚਾਰਜ ਵੀ ਹਨ। ਇਸ ਤੋਂ ਪਹਿਲਾਂ ਈਡੀ ਨੇ 23 ਮਾਰਚ ਨੂੰ ਮਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਲਾਬ ਸਿੰਘ ਯਾਦਵ ਦੇ ਘਰ ਵੀ ਛਾਪਾ ਮਾਰਿਆ ਸੀ। ਦੀਪਕ ਸਿੰਗਲਾ ਦੇ ਗੋਆ ਨਾਲ ਕੁਨੈਕਸ਼ਨ ਹੋਣ ਦੀ ਵਜ੍ਹਾ ਤੋਂ ਮੰਨਿਆ ਜਾ ਰਿਹਾ ਹੈ ਕਿ ਇਹ ਛਾਪੇਮਾਰੀ ਸ਼ਰਾਬ ਘਪਲੇ ਦੇ ਸਬੰਧ ਵਿਚ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਕੇਂਦਰੀ ਜਾਂਚ ਏਜੰਸੀ ਦਾ ਦਾਅਵਾ ਹੈ ਕਿ ਆਮ ਆਦਮੀ ਪਾਰਟੀ ਨੇ ਸ਼ਰਾਬ ਘਪਲੇ ਤੋਂ ਮਿਲੀ ਰਿਸ਼ਵਤ ਦਾ ਇਸਤੇਮਾਲ ਗੋਆ ਵਿਧਾਨ ਸਭਾ ਚੋਣਾਂ ਵਿਚ ਪ੍ਰਚਾਰ ਲਈ ਕੀਤਾ ਸੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਮਾਂਡ ਮੰਗਦੇ ਹੋਏ ਈਡੀ ਨੇ ਕੋਰਟ 'ਚ ਦਾਅਵਾ ਕੀਤਾ ਸੀ ਕਿ 45 ਕਰੋੜ ਰੁਪਏ ਹਵਾਲਾ ਜ਼ਰੀਏ ਗੋਆ ਭੇਜੇ ਗਏ ਸਨ। ਕੇਜਰੀਵਾਲ ਨੂੰ ਸ਼ਰਾਬ ਘਪਲੇ ਵਿਚ 21ਮਾਰਚ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਨੂੰ 28 ਮਾਰਚ ਤੱਕ ਈਡੀ ਦੀ ਹਿਰਾਸਤ ਵਿਚ ਭੇਜਿਆ ਗਿਆ ਹੈ। ਕੇਜਰੀਵਾਲ ਤੋਂ ਈਡੀ ਪੁੱਛਗਿੱਛ ਕਰ ਰਹੀ ਹੈ। ਇਸ ਮਾਮਲੇ ਵਿਚ ਕੇਜਰੀਵਾਲ ਤੋਂ ਇਲਾਵਾ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਰਾਜ ਸਭਾ ਸੰਸਦ ਮੈਂਬਰ ਸੰਜੇ ਸਿੰਘ ਅਤੇ ਸੰਚਾਰ ਮੁਖੀ ਵਿਜੇ ਨਾਇਰ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।



## ਆਬਕਾਰੀ ਨੀਤੀ ਕੇਸ: ED ਨੇ ਕੇਜਰੀਵਾਲ ਦੀ ਪਟੀਸ਼ਨ ਤੇ ਜਵਾਬ ਦੇਣ ਲਈ ਹਾਈ ਕੋਰਟ ਤੋਂ ਮੰਗਿਆ ਸਮਾਂ

ਸ਼ਰਾਬ ਨੀਤੀ ਘਪਲੇ ਮਾਮਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਖਿਲਾਫ਼ ਦਾਇਰ ਪਟੀਸ਼ਨ 'ਤੇ ਦਿੱਲੀ ਹਾਈ ਕੋਰਟ 'ਚ ਅੱਜ ਯਾਨੀ ਬੁੱਧਵਾਰ ਨੂੰ ਸੁਣਵਾਈ ਹੋਈ। ਈਡੀ ਨੇ ਦਿੱਲੀ ਹਾਈ ਕੋਰਟ ਨੂੰ ਕਿਹਾ ਕਿ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਟੀਸ਼ਨ 'ਤੇ ਜਵਾਬ ਦਾਖ਼ਲ ਕਰ ਲਈ ਸਮਾਂ ਦਿੱਤਾ ਜਾਵੇ। ਓਧਰ 'ਆਪ' ਆਗੂ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਦਿੱਲੀ ਹਾਈ ਕੋਰਟ ਨੂੰ ਕਿਹਾ ਕਿ ਆਬਕਾਰੀ ਨੀਤੀ ਨਾਲ ਸਬੰਧਤ ਕੇਸ ਵਿਚ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਤੁਰੰਤ ਫੈਸਲਾ ਲੈਣ ਦੀ ਲੋੜ ਹੈ। ਸਿੰਘਵੀ ਨੇ ਦੋਸ਼ ਲਾਇਆ ਕਿ ਜਵਾਬ ਦਾਖ਼ਲ ਕਰਨ ਦੀ ਬੇਨਤੀ ਇਕ ਦੇਰੀ ਦੀ ਚਾਲ ਸੀ। ਏਜੰਸੀ ਵਲੋਂ ਪੇਸ਼ ਵਧੀਕ ਸਾਲਿਸਿਟਰ ਜਨਰਲ ਐੱਸ. ਵੀ. ਰਾਜੂ ਨੇ ਕਿਹਾ ਕਿ ਪਟੀਸ਼ਨ ਉਨ੍ਹਾਂ ਨੂੰ ਮੰਗਲਵਾਰ ਨੂੰ ਹੀ ਸੌਂਪੀ ਗਈ ਸੀ। ਉਨ੍ਹਾਂ ਨੇ ਕਿਹਾ ਕਿ ਅੰਤਰਿਮ ਰਾਹਤ ਲਈ ਵੀ ਜਵਾਬ ਦੇਣ ਲਈ ਉੱਚਿਤ ਸਮਾਂ ਦਿੱਤਾ ਜਾਣਾ ਚਾਹੀਦਾ ਹੈ।ਦੱਸ ਦੇਈਏ ਕਿ ਕੇਜਰੀਵਾਲ ਨੂੰ ਸ਼ਰਾਬ ਘਪਲੇ ਵਿਚ 21 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਨੂੰ 28 ਮਾਰਚ ਤੱਕ ਈਡੀ ਦੀ ਹਿਰਾਸਤ ਵਿਚ ਭੇਜਿਆ ਗਿਆ ਹੈ। ਕੇਜਰੀਵਾਲ ਤੋਂ ਈਡੀ ਪੁੱਛਗਿੱਛ ਕਰ ਰਹੀ ਹੈ। ਇਸ ਤੋਂ ਬਾਅਦ ਆਮ ਆਦਮੀ ਪਾਰਟੀ ਵਲੋਂ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਗਈ ਸੀ। ਇਸ ਵਿਚ ਕਿਹਾ ਗਿਆ ਸੀ ਕਿ ਕੇਜਰੀਵਾਲ ਦੀ ਗ੍ਰਿਫ਼ਤਾਰੀ ਅਤੇ ਰਿਮਾਂਡ ਗੈਰ-ਕਾਨੂੰਨੀ ਹੈ, ਉਹ ਤੁਰੰਤ ਰਿਹਾਅ ਹੋਣ ਦੇ ਹੱਕਦਾਰ ਹਨ। ਇਹ ਮਾਮਲਾ 2021-22 ਲਈ ਦਿੱਲੀ ਸਰਕਾਰ ਦੀ ਆਬਕਾਰੀ ਨੀਤੀ ਬਣਾਉਣ ਅਤੇ ਲਾਗੂ ਕਰਨ ਵਿਚ ਕਥਿਤ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਨਾਲ ਸਬੰਧਤ ਹੈ ਜਿਸ ਨੂੰ ਬਾਅਦ ਵਿਚ ਰੱਦ ਕਰ ਦਿੱਤਾ ਗਿਆ ਸੀ।ਦੱਸਣਯੋਗ ਹੈ ਕਿ ਕੇਜਰੀਵਾਲ ਵੀਰਵਾਰ ਸ਼ਾਮ ਨੂੰ ਈਡੀ ਨੇ ਕੇਜਰੀਵਾਲ ਉਨ੍ਹਾਂ 10ਵਾਂ ਸੰਮਨ ਜਾਰੀ ਕੀਤਾ ਸੀ। ਘਰ ਦੀ ਤਲਾਸ਼ੀ ਲਈ ਅਤੇ ਫਿਰ ਗ੍ਰਿਫ਼ਤਾਰ ਕਰ ਲਿਆ। ਇਸ ਦਰਮਿਆਨ ਦਿੱਲੀ ਦੀ ਮੰਤਰੀ ਆਤਿਸ਼ੀ ਨੇ ਕਿਹਾ ਕਿ ਕੇਜਰੀਵਾਲ ਦਿੱਲੀ ਦੇ ਮੁੱਖ ਮੰਤਰੀ ਬਣੇ ਰਹਿਣਗੇ। ਕੇਜਰੀਵਾਲ ਹੁਣ ਜੇਲ੍ਹ ਵਿਚੋਂ ਹੀ ਸਰਕਾਰ ਚਲਾ ਰਹੇ ਹਨ। ਉਹ ਹੁਣ ਤੱਕ ਦੋ ਆਦੇਸ਼ ਜਾਰੀ ਕਰ ਚੁੱਕੇ ਹਨ। ਇਕ ਆਦੇਸ਼ ਜਲ ਮੰਤਰਾਲਾ ਨਾਲ ਜੁੜਿਆ ਹੈ ਅਤੇ ਦੂਜਾ ਸਿਹਤ ਵਿਭਾਗ ਨਾਲ।



## ਅਗਲੇ 2-3 ਦਿਨਾਂ ਚ 5 ਲੱਖ ਟਨ ਹਾੜ੍ਹੀ ਪਿਆਜ਼ ਦੀ ਖਰੀਦ ਕਰੇਗੀ ਸਰਕਾਰ

ਪਿਆਜ਼ ਦੇ ਨਿਰਯਾਤ 'ਤੇ ਪਾਬੰਦੀ ਦੇ ਵਾਧੇ ਨੂੰ ਅੱਗੇ ਵਧਾਉਣ ਕਾਰਨ ਮੰਡੀ ਦੀਆਂ ਕੀਮਤਾਂ 'ਚ ਸੰਭਾਵਿਤ ਗਿਰਾਵਟ ਦੀਆਂ ਚਿੰਤਾਵਾਂ ਦੇ ਵਿਚਕਾਰ ਸਰਕਾਰ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੇ ਹਿੱਤਾਂ ਦੀ ਰੱਖਿਆ ਲਈ ਅਗਲੇ 2-3 ਦਿਨਾਂ ਵਿੱਚ ਪੰਜ ਲੱਖ ਟਨ ਹਾੜ੍ਹੀ ਦੇ ਪਿਆਜ਼ ਦੀ ਖਰੀਦ ਸ਼ੁਰੂ ਕਰ ਦੇਵੇਗੀ। ਪਿਛਲੇ ਹਫ਼ਤੇ ਵਣਜ ਮੰਤਰਾਲੇ ਨੇ ਪਿਆਜ਼ ਦੀ ਬਰਾਮਦ 'ਤੇ ਪਾਬੰਦੀ ਨੂੰ ਅਗਲੇ ਹੁਕਮਾਂ ਤੱਕ ਵਧਾ ਦਿੱਤਾ ਸੀ। ਪਿਆਜ਼ ਦੇ ਨਿਰਯਾਤ 'ਤੇ ਪਾਬੰਦੀ 31 ਮਾਰਚ ਤੱਕ ਲਾਗੂ ਸੀ।ਖਪਤਕਾਰ ਮਾਮਲਿਆਂ ਦੇ ਸਕੱਤਰ ਰੋਹਿਤ ਕੁਮਾਰ ਸਿੰਘ ਨੇ ਕਿਹਾ, ''ਅਸੀਂ ਕਿਸਾਨਾਂ ਨੂੰ ਭਰੋਸਾ ਦੇਣਾ ਚਾਹੁੰਦੇ ਹਾਂ ਕਿ ਉਨ੍ਹਾਂ ਦੀਆਂ ਚਿੰਤਾਵਾਂ ਦਾ ਧਿਆਨ ਰੱਖਿਆ ਜਾਵੇਗਾ। ...ਅਸੀਂ ਬਫਰ ਸਟਾਕ ਨੂੰ ਕਾਇਮ ਰੱਖਣ ਲਈ ਅਗਲੇ 2-3 ਦਿਨਾਂ ਵਿੱਚ ਪੰਜ ਲੱਖ ਟਨ ਹਾੜ੍ਹੀ (ਸਰਦੀਆਂ) ਦੀ ਫ਼ਸਲ ਦੀ ਖਰੀਦ ਸ਼ੁਰੂ ਕਰ ਦੇਵਾਂਗੇ।'' ਉਨ੍ਹਾਂ ਨੇ ਕਿਹਾ ਕਿ ਪਿਆਜ਼ ਦੇ ਨਿਰਯਾਤ 'ਤੇ ਪਾਬੰਦੀ ਦਾ ਅਸਰ ਵਪਾਰੀਆਂ 'ਤੇ ਪੈ ਰਿਹਾ ਹੈ, ਨਾ ਕਿ ਕਿਸਾਨਾਂ 'ਤੇ, ਕਿਉਂਕਿ ਮਹਾਰਾਸ਼ਟਰ 'ਚ ਔਸਤ ਮੰਡੀ (ਥੋਕ) ਭਾਅ ਇਸ ਸਮੇਂ 13-15 ਰੁਪਏ ਪ੍ਰਤੀ ਕਿਲੋਗ੍ਰਾਮ ਹੈ, ਜੋ ਪਿਛਲੇ ਸਾਲ ਦੇ ਪੱਧਰ ਤੋਂ ਲਗਭਗ ਦੁੱਗਣਾ ਹੈ। ਉਨ੍ਹਾਂ ਨੇ ਕਿਹਾ, "ਭਾਵੇਂ ਕੀਮਤਾਂ ਘਟਣ, ਅਸੀਂ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਾਂਗੇ।" ਸਕੱਤਰ ਨੇ ਕਿਹਾ ਕਿ ਸਰਕਾਰ ਆਮ ਤੌਰ 'ਤੇ ਮੌਜੂਦਾ ਮੰਡੀ ਦਰਾਂ 'ਤੇ ਬਫਰ ਸਟਾਕ ਲਈ ਪਿਆਜ਼ ਖਰੀਦਦੀ ਹੈ। ਹਾਲਾਂਕਿ, ਜੇਕਰ ਦਰਾਂ ਉਤਪਾਦਨ ਦੀ ਲਾਗਤ ਤੋਂ ਹੇਠਾਂ ਆਉਂਦੀਆਂ ਹਨ, ਤਾਂ ਸਰਕਾਰ ਇਹ ਯਕੀਨੀ ਬਣਾਏਗੀ ਕਿ ਘੱਟੋ-ਘੱਟ ਕਿਸਾਨਾਂ ਦੀਆਂ ਲਾਗਤਾਂ ਨੂੰ ਪੂਰਾ ਕੀਤਾ ਜਾਵੇ। ਸਾਲ 2023-24 ਵਿੱਚ ਸਰਕਾਰ ਨੇ ਬਫਰ ਸਟਾਕ ਲਈ ਔਸਤਨ 17 ਰੁਪਏ ਪ੍ਰਤੀ ਕਿਲੋਗ੍ਰਾਮ ਦੀ ਦਰ ਨਾਲ 6.4 ਲੱਖ ਟਨ ਪਿਆਜ਼ (ਹਾੜ੍ਹੀ ਅਤੇ ਸਾਉਣੀ ਦੀਆਂ ਫ਼ਸਲਾਂ) ਦੀ ਖਰੀਦ ਕੀਤੀ ਸੀ। ਉਨ੍ਹਾਂ ਨੇ ਕਿਹਾ ਕਿ ਲਗਭਗ ਸਾਰੀ ਮਾਤਰਾ ਦਾ ਨਿਪਟਾਰਾ ਕਰ ਦਿੱਤਾ। ਖਪਤਕਾਰ ਮਾਮਲਿਆਂ ਦੇ ਮੰਤਰਾਲੇ ਵਿੱਚ ਵਿਸ਼ੇਸ਼ ਡਿਊਟੀ ਅਧਿਕਾਰੀ ਨਿਧੀ ਖਰੇ ਨੇ ਕਿਹਾ ਕਿ ਪਿਛਲੇ ਸਾਲ ਪਿਆਜ਼ ਦੀ ਖਰੀਦ ਜੂਨ ਵਿੱਚ ਕੀਤੀ ਗਈ ਸੀ ਪਰ ਇਸ ਸਾਲ ਇਹ ਅਗਲੇ ਦੋ ਦਿਨਾਂ ਵਿੱਚ ਜਲਦੀ ਸ਼ੁਰੂ ਹੋਣ ਜਾ ਰਹੀ ਹੈ।



# ਮੋਹਾਲੀ ਚ ਅਮਰੂਦ ਬਾਗ ਘਪਲੇ ਨੂੰ ਲੈ ਕੇ ED ਦੀ ਵੱਡੀ ਕਾਰਵਾਈ, ਪਿੰਡ ਬਾਕਰਪੁਰ ਵਿਖੇ ਕੀਤੀ ਛਾਪੇਮਾਰੀ

ਮੋਹਾਲੀ 'ਚ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ ਅਮਰੂਦ ਬਾਗ ਘਪਲੇ 'ਚ ਵੱਡੀ ਕਾਰਵਾਈ ਕਰਦਿਆਂ ਪਿੰਡ ਬਾਕਰਪੁਰ 'ਚ ਛਾਪੇਮਾਰੀ ਕੀਤੀ ਹੈ। ਇਸ ਦੌਰਾਨ ਟੀਮ ਨੇ ਕਈ ਘਰਾਂ ਨੂੰ ਘੇਰ ਲਿਆ ਹੈ ਅਤੇ ਇਕ ਵੱਡੇ ਅਫ਼ਸਰ ਦੇ ਘਰ ਵੀ ਛਾਪੇਮਾਰੀ ਕੀਤੇ ਜਾਣ ਦੀ ਖ਼ਬਰ ਹੈ। ਇਸ ਘਪਲੇ 'ਚ ਕਈ ਆਈ. ਏ. ਐੱਸ. ਅਤੇ ਪੀ. ਸੀ. ਐੱਸ. ਅਫ਼ਸਰਾਂ ਦੇ ਨਾਂ ਸਾਹਮਣੇ ਆਏ ਸਨ। ਇਸ ਨੂੰ ਲੈ ਕੇ ਈ. ਡੀ. ਦੀ ਟੀਮ ਵਲੋਂ ਮੋਹਾਲੀ 'ਚ ਵੀ ਛਾਪੇਮਾਰੀ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਗਮਾਡਾ ਵਲੋਂ ਏਅਰਪੋਰਟ ਰੋਡ ਨੇੜੇ ਇਕ ਪ੍ਰਾਜੈਕਟ ਲਈ ਜ਼ਮੀਨ ਐਕੁਆਇਰ ਕੀਤੀ ਗਈ ਸੀ। ਇਸ ਪ੍ਰਾਜੈਕਟ ਲਈ ਗ੍ਰਹਿਣ ਕੀਤੀ ਜ਼ਮੀਨ ਦਾ ਮੁਆਵਜ਼ਾ ਗਮਾਡਾ ਦੀ ਲੈਂਡ ਪੂਲਿੰਗ ਨੀਤੀ ਅਨੁਸਾਰ ਦਿੱਤਾ ਜਾਣਾ ਸੀ।

2018 'ਚ ਜ਼ਮੀਨ ਖ਼ਰੀਦਣ ਤੋਂ ਬਾਅਦ ਪੌਦੇ ਲਾਏ ਗਏ ਪਰ ਗਮਾਡਾ ਅਧਿਕਾਰੀਆਂ ਨਾਲ ਮਿਲੀ-ਭੁਗਤ ਕਰਕੇ ਮਾਲੀਆ ਰਿਕਾਰਡ 'ਚ ਦਿਖਾ ਦਿੱਤਾ ਗਿਆ ਕਿ ਪੌਦੇ 2016 'ਚ ਲਾਏ ਗਏ ਸਨ। ਇਸ ਤੋਂ ਬਾਅਦ ਮਾਮਲੇ ਦੇ ਦੋਸ਼ੀਆਂ ਨੇ ਵਿਭਾਗ ਤੋਂ ਕਰੀਬ 137 ਕਰੋੜ ਦਾ ਮੁਆਵਜ਼ਾ ਵੀ ਲੈ ਲਿਆ। ਵਿਜੀਲੈਂਸ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਕੇਸ ਦਰਜ ਕਰਕੇ ਮਾਮਲੇ 'ਚ 18 ਲੋਕਾਂ ਨੂੰ ਨਾਮਜ਼ਦ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਸੀ।




## ਸਾਬਕਾ MP ਡਾ. ਧਰਮਵੀਰ ਗਾਂਧੀ ਨੂੰ ਪਟਿਆਲਾ ਤੋਂ ਕਾਂਗਰਸ ਦੀ ਟਿਕਟ ਮਿਲਣ ਦੀਆਂ ਕਨਸੋਆਂ



ਲੁਧਿਆਣਾ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਦੇ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋਣ 'ਤੇ ਕਾਂਗਰਸ ਨੂੰ ਕਰਾਰਾ ਝਟਕਾ ਲੱਗਾ ਹੈ, ਉੱਥੇ ਹੀ ਪਟਿਆਲਾ ਲੋਕ ਸਭਾ ਹਲਕੇ 'ਚ ਜ਼ਿਲ੍ਹਾ ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਬਗਾਵਤ ਦੇ ਰੌਂਅ 'ਚ ਦਿਖਾਈ ਦੇ ਰਹੀ ਹੈ। ਮੰਗਲਵਾਰ ਦੇਰ ਸ਼ਾਮ ਪਾਰਟੀ ਦੇ ਸਮੂਹ ਸਾਬਕਾ ਵਿਧਾਇਕਾਂ, ਹਲਕਾ ਇੰਚਾਰਜਾਂ ਅਤੇ ਅਹੁਦੇਦਾਰਾਂ ਨੇ ਅਹਿਮ ਮੀਟਿੰਗ ਬੁਲਾ ਕੇ ਪਾਰਟੀ ਹਾਈਕਮਾਂਡ ਤੱਕ ਇਹ ਸੰਦੇਸ਼ ਪਹੁੰਚਾਇਆ ਹੈ ਕਿ ਪਟਿਆਲਾ ਲੋਕ ਸਭਾ ਸੀਟ ਤੋਂ ਕਿਸੇ ਟਕਸਾਲੀ ਕਾਂਗਰਸੀ ਨੂੰ ਹੀ ਲੋਕ ਸਭਾ ਦੀ ਟਿਕਟ ਦਿੱਤੀ ਜਾਵੇ।ਸੂਤਰਾਂ ਅਨੁਸਾਰ ਇਸ ਮੀਟਿੰਗ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਜੇਕਰ ਪਾਰਟੀ ਨੇ ਪੁਰਾਣੇ ਆਗੂਆਂ ਅਤੇ ਵਰਕਰਾਂ ਦੀ ਅਣਗੌਲਿਆਂ ਕਰਕੇ ਕਿਸੇ ਹੋਰ ਨੂੰ ਪੈਰਾਸ਼ੂਟ ਰਾਹੀਂ ਬਾਹਰੋਂ ਲਿਆ ਕੇ ਟਿਕਟ ਦਿੱਤੀ ਤਾਂ ਸਮੁੱਚੀ ਲੀਡਰਸ਼ਿਪ ਕੰਮ ਨਹੀਂ ਕਰੇਗੀ।ਪੰਜਾਬ ਕਾਂਗਰਸ ਦੇ ਟਕਸਾਲੀ ਕਾਂਗਰਸੀ ਲਾਲ ਸਿੰਘ ਦੇ ਨਿਵਾਸ ਸਥਾਨ 'ਤੇ ਹੋਈ। ਇਸ ਮੀਟਿੰਗ 'ਚ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ, ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ, ਸਾਬਕਾ ਵਿਧਾਇਕ ਰਜਿੰਦਰ ਸਿੰਘ, ਹਲਕਾ ਸਨੌਰ ਦੇ ਇੰਚਾਰਜ ਹਰਿੰਦਰਪਾਲ ਸਿੰਘ ਹੈਰੀਮਾਨ, ਪਟਿਆਲਾ ਸ਼ਹਿਰੀ ਹਲਕੇ ਦੇ ਇੰਚਾਰਜ ਅਤੇ ਸਾਬਕਾ ਮੇਅਰ ਵਿਸ਼ਨੂੰ ਸ਼ਰਮਾ, ਹਲਕਾ ਸ਼ੁਤਰਾਣਾ ਦੇ ਇੰਚਾਰਜ ਦਰਬਾਰਾ ਸਿੰਘ ਅਤੇ ਹੋਰ ਅਹੁਦੇਦਾਰ ਸ਼ਾਮਲ ਸਨ। ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਜਿਹੜੇ ਟਕਸਾਲੀ ਕਾਂਗਰਸੀ ਸੰਕਟ ਦੇ ਸਮੇਂ ਪਾਰਟੀ ਨਾਲ ਡਟ ਕੇ ਖੜ੍ਹੇ ਹਨ, ਜਿਨ੍ਹਾਂ ਨੇ 10 ਸਾਲ ਅਕਾਲੀ ਦਲ ਦੇ ਰਾਜ ਵਿਚ ਅਤੇ ਹੁਣ ਆਮ ਆਦਮੀ ਪਾਰਟੀ ਦੇ ਰਾਜ ਵਿਚ ਸੰਘਰਸ਼ ਕੀਤਾ ਅਤੇ ਸਰਕਾਰਾਂ ਨਾਲ ਲੜਾਈ ਲੜਦੇ ਹੋਏ ਪਰਚੇ ਕਰਵਾਏ, ਉਨ੍ਹਾਂ ਨੂੰ ਅਣਗੌਲਿਆਂ ਨਾ ਜਾਵੇ ਜਾਵੇ।

# ਭਾਜਪਾ ਵੱਲੋਂ ਇਕੱਲਿਆਂ ਚੋਣ ਲੜਣ ਦੇ ਐਲਾਨ ਤੇ ਰਾਜਾ ਵੜਿੰਗ ਦਾ ਵੱਡਾ ਬਿਆਨ

ਭਾਜਪਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਦੀ ਬਜਾਇ ਇਕੱਲਿਆਂ ਚੋਣ ਲੜਨ ਦੇ ਫ਼ੈਸਲੇ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮਹਿਜ਼ ਡਰਾਮਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰਸਮੀ ਸਮਝੌਤੇ ਦੀ ਅਣਹੋਂਦ ਦੇ ਬਾਵਜੂਦ ਦੋਵੇਂ ਧਿਰਾਂ ਬੰਦ ਦਰਵਾਜ਼ਿਆਂ ਪਿੱਛੇ ਸਹਿਯੋਗ ਕਰਦੀਆਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੁਨੀਲ ਜਾਖੜ, ਸੁਖਬੀਰ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਠੋਸ ਯਤਨਾਂ ਦੇ ਬਾਵਜੂਦ ਭਾਜਪਾ ਅਤੇ ਅਕਾਲੀ ਦਲ ਪੰਜਾਬ 'ਚ ਆਪਣੀ ਮੌਜੂਦਗੀ ਕਾਇਮ ਕਰਨ 'ਚ ਅਸਫਲ ਰਹੇ ਹਨ। ਉਨ੍ਹਾਂ ਦੀਆਂ ਲਗਾਤਾਰ ਕੋਸ਼ਿਸ਼ਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਪਾਰਟੀਆਂ ਇਕਜੁੱਟ ਹੋ ਕੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਰੋਸੇਯੋਗਤਾ ਹਾਸਲ ਕਰਨ ਲਈ ਕੰਮ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਭਾਵੇਂ ਭਾਜਪਾ ਤੇ ਅਕਾਲੀ ਦਲ ਵੱਲੋਂ ਗੱਠਜੋੜ ਦੀ ਗੱਲਬਾਤ ਨੂੰ ਜਨਤਕ ਤੌਰ 'ਤੇ ਖ਼ਤਮ ਕਰਨ ਦਾ ਐਲਾਨ ਕੀਤਾ ਗਿਆ ਹੈ ਪਰ ਮੈਨੂੰ ਭਰੋਸਾ ਹੈ ਕਿ ਦੋਵੇਂ ਸੰਸਥਾਵਾਂ ਜਨਤਕ ਤੌਰ 'ਤੇ ਅਸਵੀਕਾਰ ਕੀਤੇ ਜਾਣ ਦੇ ਬਾਵਜੂਦ ਇਕ-ਦੂਜੇ ਦਾ ਸਹਿਯੋਗ ਕਰ ਰਹੀਆਂ ਹਨ। ਇਸ ਦਾ ਸਬੂਤ ਸਮੁੱਚੇ ਬਾਦਲ ਪਰਿਵਾਰ ਲਈ ਕੇਂਦਰੀ ਸੁਰੱਖਿਆ ਬਲਾਂ ਦਾ ਨਿਰੰਤਰ ਪ੍ਰਬੰਧ ਹੈ, ਜਦਕਿ ਸਾਡੇ ਨੇਤਾ ਅਜਿਹੇ ਵਿਸ਼ੇਸ਼ ਅਧਿਕਾਰਾਂ ਤੋਂ ਵਾਂਝੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਸੁਨੀਲ ਜਾਖੜ 'ਤੇ ਦਬਾਅ ਹੈ ਕਿ ਜੇ ਭਾਜਪਾ ਇਕ ਵੀ ਸੀਟ ਹਾਸਲ ਕਰਨ 'ਚ ਅਸਫਲ ਰਹਿੰਦੀ ਹੈ ਤਾਂ ਉਨ੍ਹਾਂ ਦੀ ਪ੍ਰਧਾਨਗੀ ਦਾਅ 'ਤੇ ਲੱਗ ਸਕਦੀ ਹੈ।



ਉਨ੍ਹਾਂ ਕਿਹਾ ਕਿ ਭਾਵੇਂ ਅਕਾਲੀ ਦਲ ਨੇ ਅਧਿਕਾਰਤ ਤੌਰ 'ਤੇ 2021 'ਚ ਆਪਣਾ ਗੱਠਜੋੜ ਖ਼ਤਮ ਕਰ ਦਿੱਤਾ ਸੀ ਪਰ ਰਾਸ਼ਟਰਪਤੀ ਦੀ ਚੋਣ ਤੋਂ ਲੈ ਕੇ ਸੀ. ਏ. ਏ. ਬਿੱਲ ਦੇ ਪਾਸ ਹੋਣ ਤਕ ਅਕਾਲੀ ਦਲ ਨੇ ਲਗਾਤਾਰ ਆਪਣੇ-ਆਪ ਨੂੰ ਭਾਜਪਾ ਨਾਲ ਜੋੜਿਆ ਹੈ। ਅਕਾਲੀ ਦਲ ਦੀ ਹਾਲ ਹੀ 'ਚ ਹੋਈ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਵੀ ਕੇਂਦਰ ਸਰਕਾਰ ਨੂੰ ਖ਼ੁਸ਼ ਕਰਨ ਲਈ ਕਿਸਾਨਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦਾ ਮਾਮਲਾ ਨਹੀਂ ਉਠਾਇਆ ਗਿਆ। ਉਨ੍ਹਾਂ ਕਿਹਾ ਕਿ ਮੈਂ ਸੁਖਬੀਰ ਬਾਦਲ ਨੂੰ ਚੁਣੌਤੀ ਦਿੰਦਾ ਹਾਂ ਕਿ ਜੇ ਚੋਣਾਂ ਦੌਰਾਨ ਅਕਾਲੀ ਦਲ ਜਿੱਤਦਾ ਹੈ ਤਾਂ ਉਹ ਐਲਾਨ ਕਰੇ ਕਿ ਉਨ੍ਹਾਂ ਦੀ ਵੋਟ ਐੱਨ. ਡੀ. ਏ. ਦੇ ਵਿਰੁੱਧ ਹੋਵੇਗੀ।

# ਸੰਨੀ ਦਿਓਲ ਤੇ ਅਜੇ ਦੇਵਗਨ ਦੀ ਸ਼ੂਟਿੰਗ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ ਹਾਦਸਾ

ਖਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੇ ਜੰਮ ਪਲ ਅਤੇ ਬਾਲੀਵੁੱਡ ਦੇ ਪ੍ਰਸਿੱਧ ਨਿਰਮਾਤਾ ਨਿਰਦੇਸ਼ਕ ਕੁਮਾਰ ਮੰਗਤ/ਅਭਿਸ਼ੇਕ ਪਾਠਕ ਦੀ ਫ਼ਿਲਮ 'ਸਨ ਆਫ ਸਰਦਾਰ 2' ਦੀ ਕੌਮੀ ਤਿਉਹਾਰ 'ਹੋਲਾ ਮਹੱਲਾ' ਦੌਰਾਨ ਹੋ ਰਹੀ ਸ਼ੂਟਿੰਗ ਸੰਤ ਸੀਨ ਵੇਲੇ ਇੱਕ ਹਾਦਸਾ ਵਾਪਰ ਗਿਆ। ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਜਦੋਂ ਅਜੇ ਦੇਵਗਨ ਦੇ ਸੀਨ ਸਟੰਟ ਮੈਨ ਵੱਲੋਂ ਦੋ ਘੋੜਿਆਂ 'ਤੇ ਤੇਜ ਤਰਾਰ ਘੋੜ ਸਵਾਰੀ ਵਾਲੇ ਖ਼ਤਰਨਾਕ ਦ੍ਰਿਸ਼ ਫਿਲਮਾਏ ਜਾ ਰਹੇ ਸਨ ਤਾਂ ਪੰਜਾਬ ਦੇ ਤੇਜ ਤਰਾਰ ਘੋੜ ਸਵਾਰ ਗੋਰਾ ਸਿੰਘ ਪੱਧਰੀ ਦੇ ਚੇਲੇ ਬਿੱਲਾ ਸਿੰਘ ਕੰਗਣਵਾਲ ਵੱਲੋਂ ਤੇਜ 2 ਕਾਲੇ ਘੋੜਿਆਂ ਦੀ ਘੋੜਸਵਾਰੀ ਦੇ ਦ੍ਰਿਸ਼ ਫਿਲਮਾਏ ਜਾ ਰਹੇ ਸਨ ਕਿ ਅਚਾਨਕ ਘੋੜ ਸਵਾਰ ਦੋ ਘੋੜਿਆਂ ਤੋਂ ਡਿੱਗ ਪਿਆ ਅਤੇ ਦੋਵੇਂ ਘੋੜੇ ਬੇਕਾਬੂ ਹੋ ਕੇ ਬਾਹਰ ਵੱਲ ਭੱਜਣ ਲੱਗੇ। ਉੱਥੇ ਤੈਨਾਤ ਕਈ ਥਾਣੇਦਾਰਾਂ ਦੀ ਚੁਸਤੀ ਕਾਰਨ ਵੱਡਾ ਹਾਦਸਾ ਹੋਣ ਤੋਂ ਬਚ ਗਿਆ ਅਤੇ ਦੋਵੇਂ ਘੋੜੇ ਟਰਾਲੀ ਨਾਲ ਜਾ ਟਕਰਾਏ ਅਤੇ ਡਿੱਗ ਪਏ। 1 ਪੰਜਾਬ ਪੁਲਸ ਦੇ ਬਹਾਦਰ ਨੌਜਵਾਨਾਂ ਦੀ ਮਦਦ ਨਾਲ ਜ਼ਖਮੀ ਬਿੱਲਾ ਸਿੰਘ ਨੇ ਘੋੜੇ ਕਾਬੂ ਕਰ ਲਏ ਅਤੇ ਤੁਰੰਤ ਵੈਟਰਨੀ ਡਾਕਟਰਾਂ ਦੀ ਟੀਮ ਨੇ ਸਟੇਡੀਅਮ 'ਚ ਪਹੁੰਚ ਕੇ ਘੋੜਿਆਂ ਦੇ ਟੀਕੇ ਲਾਏ ਅਤੇ ਉਨਾਂ ਦਾ ਇਲਾਜ ਕੀਤਾ।



ਕੁਮਾਰ ਮੰਗਤ ਦੇ ਭਰਾ ਰਾਮ ਕੁਮਾਰ ਬਿੱਟੂ ਨੇ ਦੱਸਿਆ ਹੈ ਕਿ ਅਸੀਂ ਦਲ ਪੰਥ ਤਰਨਾ ਦਲ ਨਾਲ ਖੜ੍ਹੇ ਹਾਂ। ਫ਼ਿਲਮ ਦੇ ਡਾਇਰੈਕਟਰ ਵਿਜੇ ਕੁਮਾਰ ਅਰੋੜਾ ਉਰਫ ਦਾਦੂ, ਅਮਿਤ ਸਿੰਘ ਅਤੇ ਕੈਮਰਾਮੈਨ ਅਸੀਮ ਬਜਾਜ ਨੇ ਦੱਸਿਆ ਕਿ ਫ਼ਿਲਮ ਦੇ ਨਿਰਮਾਤਾ ਨਿਰਦੇਸਕ ਕੁਮਾਰ ਮੰਗਤ ਦੇ ਕਹਿਣ 'ਤੇ ਹੀ ਉਨ੍ਹਾਂ ਦੇ ਪੁਸਤੈਨੀ ਸਹਿਰ ਸ੍ਰੀ ਅਨੰਦਪੁਰ ਸਾਹਿਬ ਅਤੇ ਇਸ ਦੇ ਪਿੰਡਾਂ 'ਚ ਫ਼ਿਲਮ ਦੀ ਸੂਟਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਨੂੰ ਆਪਣੀ ਧਰਤੀ ਨਾਲ ਬਹੁਤ ਪਿਆਰ ਹੈ। ਉਨ੍ਹਾਂ ਦੇ ਕਹਿਣ 'ਤੇ ਹੀ ਕੌਮੀ ਤਿਉਹਾਰ ਹੋਲਾ ਮਹੱਲਾ ਦੇ ਦ੍ਰਿਸ਼ ਲਏ ਗਏ ਹਨ ਤਾਂ ਕਿ ਇਸ 'ਤੇ ਤਿਉਹਾਰ ਨੂੰ ਵਿਸਵ ਪੱਧਰ ਫ਼ਿਲਮ ਰਾਹੀਂ ਲੋਕਾਂ ਨੂੰ ਵਿਖਾਇਆ ਜਾ ਸਕੇ। ਇਸ ਤੋਂ ਪਹਿਲਾਂ ਉਹ ਬਿੱਟੂ ਬੋਸ ਦੀ ਫ਼ਿਲਮ ਦੀ ਸ਼ੂਟਿੰਗ ਵੀ ਅਨੰਦਪੁਰ ਸਾਹਿਬ ਕਰ ਚੁੱਕੇ ਹਨ। ਇਸ ਫ਼ਿਲਮ 'ਚ ਮੁੱਖ ਭੂਮਿਕਾ ਅਜੇ ਦੇਵਗਾਨ, ਸੰਨੀ ਦਿਓਲ ਨਿਭਾ ਰਹੇ ਹਨ।

ਸਾਲ 2012 'ਚ ਆਈ ਫ਼ਿਲਮ ਅਜੇ ਦੇਵਗਨ ਦੀ ਫ਼ਿਲਮ 'ਸਨ ਆਫ ਸਰਦਾਰ' ਜਿਹੜੀ ਕਿ ਵੱਡੇ ਬਜਟ ਦੀ ਫ਼ਿਲਮ ਸੀ ਅਤੇ ਫ਼ਿਲਮ ਸੁਪਰ ਹਿੱਟ ਰਹੀ, ਇਹ ਫ਼ਿਲਮ ਦਾ ਦੂਜਾ ਭਾਗ ਹੈ ਅਤੇ ਇਸ 'ਚ ਮੁੱਖ ਜੋੜੀ ਸੰਨੀ ਦਿਓਲ ਅਤੇ ਅਜੇ ਦੇਵਗਨ ਦੀ ਹੀਰੋਇਨ ਸੋਨਾਕਸੀ ਸਿਨ੍ਹਾ ਵੀ ਹੈ। ਅਜੇ ਦੇਵਗਾਨ ਸਰਦਾਰਾਂ ਦਾ ਮੁੰਡਾ ਹੈ ਅਤੇ 11 ਖਾਲਸਾ ਪੰਥ ਦੀ ਜਨਮ ਭੂਮੀ ਵਿਖੇ ਪੰਜਾਬ ਦਾ ਪ੍ਰਸਿੱਧ ਤਿਉਹਾਰ 'ਹੋਲਾ ਮਹੱਲਾ' ਦੇਖਣ ਲਈ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪਣੇ 2 ਪੁੱਤਰਾਂ ਤੇ 2 ਧੀਆਂ ਨਾਲ ਆਉਂਦਾ ਹੈ ਅਤੇ ਫਿਰ ਘੋੜ ਸਵਾਰੀ ਕਰਨ ਲੱਗਦਾ ਹੈ। ਦਲ ਪੰਥ ਤਰਨਾ ਦਲ ਖਿਆਲਾ ਤਰਲੋਕ ਸਿੰਘ ਦੇ ਜਥੇਦਾਰ ਸਰਵਣ ਸਿੰਘ ਨੇ ਦੱਸਿਆ ਬਾਬਾ ਤਰਲੋਕ ਸਿੰਘ ਦਾ ਘੋੜਾ ਅਲੀ ਅਤੇ ਦੂਜਾ ਘੋੜਾ ਜ਼ਖਮੀ ਹੋ ਗਏ। ਉਨ੍ਹਾਂ ਦੱਸਿਆ ਕਿ ਗੋਰਾ ਸਿੰਘ ਤੇ ਬਿੱਲਾ ਸਿੰਘ ਸਾਡੇ ਦਲ ਦੇ ਘੋੜਿਆਂ ਦੇ ਸੇਵਾਦਾਰ ਹਨ। ਦੋਵੇਂ ਹੀ ਸਾਡੇ ਦਲ ਪੰਥ ਦੇ ਹਨ।

# IPL ਵੇਖਣ ਪਹੁੰਚੇ ਸ਼ਾਹਰੁਖ ਨੇ ਵਾਨਖੇੜੇ ਸਟੇਡੀਅਮ ਚ ਮਚਾਇਆ ਹੰਗਾਮਾ,

ਆਈ. ਪੀ. ਐੱਲ 2024 ਦੀ ਧਮਾਕੇਦਾਰ ਸ਼ੁਰੂਆਤ ਨਾਲ ਦਰਸ਼ਕਾਂ 'ਚ ਸ਼ਾਨਦਾਰ ਕ੍ਰੇਜ਼ ਦੇਖਣ ਨੂੰ ਮਿਲ ਰਿਹਾ ਹੈ। ਇਸ ਦੇ ਨਾਲ ਹੀ ਬਾਲੀਵੁੱਡ ਦੇ ਕਿੰਗ ਖ਼ਾਨ ਸ਼ਾਹਰੁਖ ਦੀ ਟੀਮ 'ਕੋਲਕਾਤਾ ਨਾਈਟ ਰਾਈਡਰਜ਼' ਨੇ ਵੀ ਸ਼ਾਨਦਾਰ ਸ਼ੁਰੂਆਤ ਕੀਤੀ ਹੈ। IPL 2024 ਦੇ ਤੀਜੇ ਮੈਚ 'ਚ 'ਕੋਲਕਾਤਾ ਨਾਈਟ ਰਾਈਡਰਜ਼' ਨੇ 'ਸਨਰਾਈਜ਼ਰਜ਼ ਹੈਦਰਾਬਾਦ' ਨੂੰ 4 ਦੌੜਾਂ ਨਾਲ ਹਰਾਇਆ। ਇਸ ਖ਼ਾਸ ਮੌਕੇ 'ਤੇ ਸ਼ਾਹਰੁਖ ਖ਼ਾਨ ਆਪਣੀ ਟੀਮ ਨੂੰ ਚੀਅਰ ਕਰਨ ਲਈ ਕੋਲਕਾਤਾ ਵੀ ਪਹੁੰਚੇ ਸਨ।ਇਸੇ ਦੌਰਾਨ ਸ਼ਾਹਰੁਖ ਨੂੰ ਸਟੇਡੀਅਮ 'ਚ ਸਿਗਰਟ ਪੀਂਦੇ ਦੇਖਿਆ ਗਿਆ। ਇਸ ਦੌਰਾਨ ਦੀਆਂ ਕਈ ਵੀਡੀਓਜ਼ ਤੇ ਤਸਵੀਰਾਂ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋਈਆਂ ਸਨ। ਇਸ ਨੂੰ ਲੈ ਕੇ ਸ਼ਾਹਰੁਖ ਨੂੰ ਲੋਕਾਂ ਨੇ ਟਰੋਲ ਵੀ ਕੀਤਾ ਸੀ। ਉਥੇ ਹੀ ਦੱਸ ਦਈਏ ਕਿ ਸ਼ਾਹਰੁਖ ਖ਼ਾਨ ਦੀ IPL ਨਾਲ ਜੁੜੇ ਵਿਵਾਦਾਂ ਨਾਲ ਪੁਰਾਣੀ ਸਾਂਝ ਹੈ। ਅੱਜ ਅਸੀਂ ਤੁਹਾਨੂੰ ਸੁਪਰਸਟਾਰ ਨਾਲ ਜੁੜੀ ਅਜਿਹੀ ਘਟਨਾ ਦੱਸਣ ਜਾ ਰਹੇ ਹਾਂ, ਜਿਸ ਨੂੰ ਸੁਣ ਕੇ ਤੁਸੀਂ ਹੈਰਾਨ ਰਹਿ ਜਾਓਗੇ।

**ਸਾਲ 2012 ਦੀ ਘਟਨਾ**

ਸਾਲ 2012 'ਚ ਜਦੋਂ IPL ਦਾ 5ਵਾਂ ਸੀਜ਼ਨ ਚੱਲ ਰਿਹਾ ਸੀ, ਉਦੋਂ ਮੁੰਬਈ ਦੇ ਵਾਨਖੇੜੇ ਸਟੇਡੀਅਮ 'ਚ ਹੋਏ ਮੈਚ 'ਚ 'ਕੋਲਕਾਤਾ ਨਾਈਟ ਰਾਈਡਰਜ਼' ਨੇ 'ਮੁੰਬਈ ਇੰਡੀਅਨਜ਼' ਨੂੰ ਹਰਾਇਆ ਸੀ। ਮੈਚ ਤੋਂ ਬਾਅਦ ਸ਼ਾਹਰੁਖ ਖ਼ਾਨ ਆਪਣੀ ਧੀ ਸੁਹਾਨਾ ਖ਼ਾਨ ਨਾਲ ਮੈਦਾਨ 'ਚ ਆਏ ਪਰ ਵਿਚਕਾਰ ਹੀ ਸੁਰੱਖਿਆ ਗਾਰਡ ਨੇ ਉਨ੍ਹਾਂ ਨੂੰ ਜਾਣ ਤੋਂ ਰੋਕ ਦਿੱਤਾ। ਅਜਿਹੇ 'ਚ ਕਿੰਗ ਖ਼ਾਨ ਸੁਰੱਖਿਆ ਗਾਰਡ ਨਾਲ ਭਿੜ ਗਏ ਅਤੇ ਧੱਕਾ-ਮੁੱਕੀ ਕਰਨ ਲੱਗੇ। ਇਸ ਘਟਨਾ ਤੋਂ ਬਾਅਦ ਐੱਮ. ਸੀ. ਏ. ਨੇ ਸ਼ਾਹਰੁਖ ਖ਼ਾਨ ਨੂੰ ਵਾਨਖੇੜੇ ਸਟੇਡੀਅਮ 'ਚ 5 ਸਾਲ ਲਈ ਬੈਨ ਕਰ ਦਿੱਤਾ ਸੀ।

ਇਸ ਵਿਅਕਤੀ ਨੇ ਕੀਤਾ ਸੀ ਸ਼ਾਹਰੁਖ ਦਾ ਬਚਾਅ



IPL ਦੇ ਚੇਅਰਮੈਨ ਅਤੇ ਬੀ. ਸੀ. ਸੀ. ਆਈ. ਦੇ ਉਪ ਪ੍ਰਧਾਨ ਰਾਜੀਵ ਸ਼ੁਕਲਾ ਸ਼ਾਹਰੁਖ ਖ਼ਾਨ ਦੇ ਬਚਾਅ 'ਚ ਅੱਗੇ ਆਏ ਸਨ। ਉਨ੍ਹਾਂ ਕਿਹਾ ਸੀ ਕਿ ਅੰਤਿਮ ਫੈਸਲਾ ਬੀ. ਸੀ. ਸੀ. ਆਈ. ਵੱਲੋਂ ਲਿਆ ਜਾਵੇਗਾ ਪਰ ਐੱਮ. ਸੀ. ਏ. ਨੇ ਕਿਹਾ ਕਿ ਉਹ ਆਪਣੇ ਫੈਸਲੇ ਤੋਂ ਪਿੱਛੇ ਨਹੀਂ ਹਟਣਗੇ। ਹਾਲਾਂਕਿ 4 ਸਾਲ ਬਾਅਦ ਉਨ੍ਹਾਂ ਨੂੰ ਇਸ ਮਾਮਲੇ 'ਚ ਕਲੀਨ ਚੀਟ ਮਿਲ ਗਈ ਸੀ।

# ਕਿਰਦਾਰ ਵਿਚ ਜਾਨ ਪਾਉਣ ਲਈ ਇਨ੍ਹਾਂ ਸਿਤਾਰਿਆਂ ਨੇ ਦਾਅ ਤੇ ਲਗਾ ਦਿੱਤੀ ਸੀ ਜਾਨ

ਬਾਲੀਵੁੱਡ ਅਦਾਕਾਰ ਰਣਦੀਪ ਹੁੱਡਾ ਇਨ੍ਹੀਂ ਦਿਨੀਂ ਆਪਣੀ ਫ਼ਿਲਮ 'ਸਵਤੰਤਰ ਵੀਰ ਸਾਵਰਕਰ' ਨੂੰ ਲੈ ਕੇ ਚਰਚਾ ਵਿਚ ਹਨ। ਫ਼ਿਲਮ ਵਿਚ ਰਣਦੀਪ ਦੇ ਕਿਰਦਾਰ ਅਤੇ ਬਾੱਡੀ ਟ੍ਰਾਂਸਫ਼ਾਰੇਸ਼ਨ ਦੀ ਬਹੁਤ ਸ਼ਲਾਘਾ ਕੀਤੀ ਜਾ ਰਹੀ ਹੈ। ਇਸ ਰੋਲ ਲਈ ਉਨ੍ਹਾਂ ਨੇ 30 ਕਿੱਲੋ ਤਕ ਭਾਰ ਘਟਾਇਆ ਹੈ, ਜੋ ਖ਼ਤਰੇ ਨਾਲ ਭਰਿਆ ਹੁੰਦਾ ਹੈ। ਹਾਲਾਂਕਿ ਇਸ ਤੋਂ ਪਹਿਲਾਂ ਵੀ ਰਣਦੀਪ ਆਪਣੇ ਕਿਰਦਾਰ ਲਈ ਆਪਣੀ ਜਾਨ ਖ਼ਤਰੇ ਵਿਚ ਪਾ ਚੁੱਕੇ ਹਨ। ਉਨ੍ਹਾਂ ਨੇ ਸਰਬਜੀਤ ਲਈ ਅਜਿਹੀ ਟ੍ਰਾਂਸਫੋਰਮੇਸ਼ਨ ਕੀਤੀ ਸੀ ਕਿ ਉਨ੍ਹਾਂ ਨੂੰ ਪਹਿਚਾਨਣਾ ਵੀ ਔਖਾ ਹੋ ਗਿਆ ਸੀ। ਰਣਦੀਪ ਤੋਂ ਇਲਾਵਾ ਵੀ ਇੰਡਸਟਰੀ ਦੇ ਅਜਿਹੇ ਕਈ ਕਲਾਕਾਰ ਹਨ, ਜਿਨ੍ਹਾਂ ਨੇ ਆਪਣੇ ਕਿਰਦਾਰ ਲਈ ਸ਼ਾਨਦਾਰ ਟ੍ਰਾਂਸਫਾਰਮੇਸ਼ਨ ਕੀਤੀ। ਇਸ ਸੂਚੀ ਵਿਚ ਇਕ ਨਾਂ ਕਾਰਤਿਕ ਆਰਿਅਨ ਦਾ ਵੀ ਹੈ। ਕਾਰਤਿਕ ਨੇ ਹਾਲ ਹੀ ਵਿਚ ਆਪਣੀ ਫ਼ਿਲਮ 'ਚੰਦੂ ਚੈਂਪੀਅਨ' ਦੀ ਸ਼ੂਟਿੰਗ ਪੂਰੀ ਕੀਤੀ। ਇਸ ਫ਼ਿਲਮ ਲਈ ਕਾਰਤਿਕ ਨੇ ਨਾ ਸਿਰਫ਼ ਆਪਣਾ ਭਾਰ ਘਟਾਇਆ, ਸਗੋਂ ਇਕ ਸਾਲ ਤਕ ਮਿੱਠੇ ਤੋਂ ਵੀ ਦੂਰ ਰਹੇ। ਫ਼ਿਲਮ ਦੇ ਕਿਰਦਾਰ ਲਈ ਕਾਰਤਿਕ ਦੀ ਇਸ ਦਿਖ ਕਾਫ਼ੀ ਚਰਚਾ ਵਿਚ ਰਿਹਾ। ਫ਼ਿਲਹਾਲ ਕਾਰਤਿਕ ਆਪਣੀ ਆਉਣ ਵਾਲੀ ਫ਼ਿਲਮ 'ਭੂਲ ਭੁਲਈਆ' ਦੀ ਸ਼ੂਟਿੰਗ ਵਿਚ ਰੁੱਝੇ ਹੋਏ ਹਨ।



# ਗਾਇਕਵਾੜ 7ਵੇਂ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਬਣੇ ਖਿਡਾਰੀ

ਚੇਨਈ ਸੁਪਰ ਕਿੰਗਜ਼ (ਸੀਐੱਸਕੇ) ਦੇ ਕਪਤਾਨ ਰਿਤੁਰਾਜ ਗਾਇਕਵਾੜ ਮੰਗਲਵਾਰ ਨੂੰ ਹਰਫਨਮੌਲਾ ਰਵਿੰਦਰ ਜਡੇਜਾ ਨੂੰ ਪਛਾੜਦੇ ਹੋਏ ਫਰੈਂਚਾਈਜ਼ੀ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਸੱਤਵੇਂ ਬੱਲੇਬਾਜ਼ ਬਣ ਗਏ। ਗਾਇਕਵਾੜ ਨੇ ਇਹ ਉਪਲਬਧੀ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐੱਲ.) ਦੇ ਚੇਪੌਕ ਸਟੇਡੀਅਮ 'ਚ ਗੁਜਰਾਤ ਟਾਈਟਨਸ ਖਿਲਾਫ ਖੇਡੇ ਗਏ ਮੈਚ ਦੌਰਾਨ ਹਾਸਲ ਕੀਤੀ। ਮੈਚ ਵਿੱਚ ਬੱਲੇਬਾਜ਼ ਨੇ 36 ਗੇਂਦਾਂ ਵਿੱਚ ਪੰਜ ਚੌਕਿਆਂ ਅਤੇ ਇੱਕ ਛੱਕੇ ਦੀ ਮਦਦ ਨਾਲ 46 ਦੌੜਾਂ ਬਣਾਈਆਂ। ਉਨ੍ਹਾਂ ਦੀਆਂ ਦੌੜਾਂ 127.78 ਦੀ ਸਟ੍ਰਾਈਕ ਰੇਟ ਨਾਲ ਆਈਆਂ। ਗਾਇਕਵਾੜ ਨੇ ਸੀਐੱਸਕੇ ਲਈ 54 ਆਈਪੀਐੱਲ ਮੈਚਾਂ ਵਿੱਚ 38.70 ਦੀ ਔਸਤ ਅਤੇ 134.93 ਦੀ ਸਟ੍ਰਾਈਕ ਰੇਟ ਨਾਲ 1,858 ਦੌੜਾਂ ਬਣਾਈਆਂ ਹਨ। 53 ਪਾਰੀਆਂ ਵਿੱਚ ਉਨ੍ਹਾਂ ਨੇ ਇੱਕ ਸੈਂਕੜਾ ਅਤੇ 14 ਅਰਧ ਸੈਂਕੜੇ ਲਗਾਏ ਹਨ ਅਤੇ ਉਨ੍ਹਾਂ ਦਾ ਸਰਵੋਤਮ ਸਕੋਰ 101* ਹੈ। ਜਦੋਂ ਕਿ ਸੀਐੱਸਕੇ ਲਈ, ਜਡੇਜਾ ਨੇ 174 ਮੈਚਾਂ ਵਿੱਚ 25.97 ਦੀ ਔਸਤ ਅਤੇ 137.1 ਦੇ ਸਟ੍ਰਾਈਕ ਰੇਟ ਨਾਲ ਦੋ ਅਰਧ ਸੈਂਕੜਿਆਂ ਨਾਲ 1,818 ਦੌੜਾਂ ਬਣਾਈਆਂ ਹਨ। ਉਨ੍ਹਾਂ ਦਾ ਸਰਵੋਤਮ ਸਕੋਰ 62* ਹੈ। ਸੀਐੱਸਕੇ ਲਈ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਸਾਬਕਾ ਬੱਲੇਬਾਜ਼ ਸੁਰੇਸ਼ ਰੈਨਾ ਹੈ। ਖੱਬੇ ਹੱਥ ਦੇ ਇਸ ਬੱਲੇਬਾਜ਼ ਨੇ 200 ਮੈਚਾਂ ਦੀਆਂ 195 ਪਾਰੀਆਂ ਵਿੱਚ 33.10 ਦੀ ਔਸਤ ਅਤੇ 138.91 ਦੀ ਸਟ੍ਰਾਈਕ ਰੇਟ ਨਾਲ 5,529 ਦੌੜਾਂ ਬਣਾਈਆਂ, ਜਿਸ ਵਿੱਚ ਦੋ ਸੈਂਕੜੇ ਅਤੇ 38 ਅਰਧ ਸੈਂਕੜੇ ਸ਼ਾਮਲ ਸਨ।



# ਹਾਰ ਤੋਂ ਬਾਅਦ ਬੋਲੇ ਸ਼ੁਭਮਨ ਗਿੱਲ- ਅਸੀਂ 190-200 ਦੌੜਾਂ ਦਾ ਪਿੱਛਾ ਚੰਗਾ ਕਰ ਲੈਂਦੇ ਹਾਂ

ਗੁਜਰਾਤ ਟਾਈਟਨਸ ਨੂੰ ਮੰਗਲਵਾਰ ਨੂੰ ਚੇਨਈ ਸੁਪਰ ਕਿੰਗਜ਼ ਦੇ ਹੱਥੋਂ ਆਪਣੇ ਆਈਪੀਐੱਲ ਕਰੀਅਰ 'ਚ ਦੌੜਾਂ ਦੇ ਮਾਮਲੇ 'ਚ ਸਭ ਤੋਂ ਵੱਡੀ ਹਾਰ (63 ਦੌੜਾਂ) ਦਾ ਸਾਹਮਣਾ ਕਰਨਾ ਪਿਆ। ਜਿੱਥੇ ਗੁਜਰਾਤ ਦੇ ਤੇਜ਼ ਗੇਂਦਬਾਜ਼ਾਂ ਦੀ ਬੁਰੀ ਤਰ੍ਹਾਂ ਹਾਰ ਹੋਈ, ਉੱਥੇ ਸ਼ੁਰੂਆਤੀ ਬੱਲੇਬਾਜ਼ ਵੀ ਨਾਕਾਮ ਰਹੇ। ਮੈਚ ਹਾਰਨ ਤੋਂ ਬਾਅਦ ਗੁਜਰਾਤ ਦੇ ਕਪਤਾਨ ਸ਼ੁਭਮਨ ਨੇ ਵੀ ਹਾਰ ਦੇ ਕਾਰਨਾਂ ਬਾਰੇ ਗੱਲ ਕੀਤੀ। ਉਨ੍ਹਾਂ ਨੇ ਸਾਫ਼ ਕਿਹਾ ਕਿ ਜਦੋਂ ਅਸੀਂ ਬੱਲੇਬਾਜ਼ੀ ਕਰ ਰਹੇ ਸੀ ਤਾਂ ਉਨ੍ਹਾਂ ਨੇ ਸਾਨੂੰ ਹਰਾਇਆ, ਉਨ੍ਹਾਂ ਦਾ ਪ੍ਰਦਰਸ਼ਨ ਸ਼ਾਨਦਾਰ ਸੀ। ਅਸੀਂ ਪਾਵਰਪਲੇ 'ਚ ਚੰਗਾ ਸਕੋਰ ਹਾਸਲ ਕਰਨ ਦੀ ਕੋਸ਼ਿਸ਼ ਕੀਤੀ। ਪਰ ਜਦੋਂ ਅਜਿਹਾ ਨਾ ਹੋ ਸਕਿਆ ਤਾਂ ਖੇਡ ਹੌਲੀ ਹੋ ਗਈ। ਇਹ ਸਾਡੇ ਲਈ ਮੰਦਭਾਗਾ ਸੀ।ਸ਼ੁਭਮਨ ਨੇ ਕਿਹਾ ਕਿ ਟੀ-20 'ਚ ਤੁਸੀਂ ਹਮੇਸ਼ਾ ਇੱਥੇ ਜਾਂ ਉੱਥੇ 10-15 ਦੌੜਾਂ ਦੀ ਗੱਲ ਕਰ ਸਕਦੇ ਹੋ, ਦਿਨ ਦੇ ਅੰਤ 'ਚ ਇਹ ਗੱਲ ਹੁੰਦੀ ਹੈ ਕਿ ਉਨ੍ਹਾਂ ਨੇ ਕਿੰਨੀਆਂ ਦੌੜਾਂ ਬਣਾਈਆਂ। ਇਸ ਵਿਕਟ 'ਤੇ ਸਾਨੂੰ 190-200 ਦੌੜਾਂ ਦਾ ਪਿੱਛਾ ਕਰਨ ਦੀ ਉਮੀਦ ਸੀ। ਮੈਨੂੰ ਲੱਗਦਾ ਹੈ ਕਿ ਇਹ ਗੇਂਦਬਾਜ਼ਾਂ ਲਈ ਬਹੁਤ ਵਧੀਆ ਸਬਕ ਹੈ। ਮੈਨੂੰ ਲੱਗਦਾ ਹੈ ਕਿ ਇਸ ਤਰ੍ਹਾਂ ਦੀ ਖੇਡ ਟੂਰਨਾਮੈਂਟ ਦੀ ਸ਼ੁਰੂਆਤ 'ਚ ਹੋਣੀ ਚਾਹੀਦੀ ਹੈ ਨਾ ਕਿ ਮੱਧ ਜਾਂ ਦੇਰ 'ਚ। ਅਸੀਂ ਹਮੇਸ਼ਾ 190-200 ਦੇ ਟੀਚੇ ਦਾ ਪਿੱਛਾ ਕਰਨ ਦੀ ਉਮੀਦ ਕਰਦੇ ਹਾਂ, ਇਹ ਬਹੁਤ ਵਧੀਆ ਵਿਕਟ ਸੀ। ਅਜਿਹਾ ਲੱਗਾ ਜਿਵੇਂ ਅਸੀਂ ਬੱਲੇਬਾਜ਼ੀ ਕਰਦੇ ਹੋਏ ਆਪਣੇ ਆਪ ਨੂੰ ਨਿਰਾਸ਼ ਕਰ ਦਿੱਤਾ।

ਇਸ ਦੇ ਨਾਲ ਹੀ ਆਪਣੇ ਕਪਤਾਨੀ ਦੇ ਤਜ਼ਰਬਿਆਂ 'ਤੇ ਉਨ੍ਹਾਂ ਕਿਹਾ ਕਿ ਅਜੇ ਵੀ ਬਹੁਤ ਸਾਰੀਆਂ ਨਵੀਆਂ ਚੀਜ਼ਾਂ ਸਿੱਖਣ ਨੂੰ ਮਿਲ ਰਹੀਆਂ ਹਨ। ਨਵੇਂ ਅਨੁਭਵ ਮਿਲ ਰਹੇ ਹਨ। ਗੁਜਰਾਤ ਟਾਈਟਨਸ ਵਰਗੀ ਟੀਮ ਦੀ ਕਪਤਾਨੀ ਕਰਨਾ ਰੋਮਾਂਚਕ ਹੈ, ਅਸੀਂ ਪਿਛਲੇ ਕੁਝ ਸਾਲਾਂ ਵਿੱਚ ਫਾਈਨਲ ਵਿੱਚ ਥਾਂ ਬਣਾਈ ਹੈ, ਇਸ ਲਈ ਇਹ ਬਹੁਤ ਰੋਮਾਂਚਕ ਹੈ।




# ਬੁਮਰਾਹ ਦੀਆਂ ਨਜ਼ਰਾਂ ਵੱਡੇ ਰਿਕਾਰਡ ਤੇ, ਦੇਖੋ ਪਿੱਚ ਰਿਪੋਰਟ ਅਤੇ ਸੰਭਾਵਿਤ ਪਲੇਇੰਗ 11



ਸਨਰਾਈਜ਼ਰਸ ਹੈਦਰਾਬਾਦ ਅਤੇ ਮੁੰਬਈ ਇੰਡੀਅਨਜ਼ ਵਿਚਾਲੇ ਆਈਪੀਐੱਲ 2024 ਦਾ 8ਵਾਂ ਮੈਚ ਅੱਜ ਸ਼ਾਮ 7.30 ਵਜੇ ਤੋਂ ਹੈਦਰਾਬਾਦ ਦੇ ਰਾਜੀਵ ਗਾਂਧੀ ਇੰਟਰਨੈਸ਼ਨਲ ਸਟੇਡੀਅਮ 'ਚ ਖੇਡਿਆ ਜਾਵੇਗਾ। ਦੋਵਾਂ ਟੀਮਾਂ ਨੂੰ ਆਪਣੇ ਸ਼ੁਰੂਆਤੀ ਮੈਚਾਂ 'ਚ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਬੁੱਧਵਾਰ ਨੂੰ ਜਦੋਂ ਇਹ ਦੋਵੇਂ ਟੀਮਾਂ ਆਹਮੋ-ਸਾਹਮਣੇ ਹੋਣਗੀਆਂ ਤਾਂ ਉਨ੍ਹਾਂ ਦਾ ਟੀਚਾ ਜਿੱਤ ਦਰਜ ਕਰਕੇ ਖਾਤਾ ਖੋਲ੍ਹਣਾ ਹੋਵੇਗਾ। ਇਸ ਦੇ ਨਾਲ ਹੀ ਸਭ ਦੀਆਂ ਨਜ਼ਰਾਂ ਜਸਪ੍ਰੀਤ ਬੁਮਰਾਹ 'ਤੇ ਹੋਣਗੀਆਂ ਜੋ 150 ਵਿਕਟਾਂ ਪੂਰੀਆਂ ਕਰਨਾ ਚਾਹੁਣਗੇ। ਇਸ ਦੇ ਲਈ ਬੁਮਰਾਹ ਨੂੰ 2 ਵਿਕਟਾਂ ਦੀ ਜ਼ਰੂਰਤ ਹੈ ਅਤੇ ਉਹ ਭੁਵਨੇਸ਼ਵਰ ਕੁਮਾਰ ਤੋਂ ਬਾਅਦ ਆਈਪੀਐੱਲ ਵਿੱਚ 150 ਵਿਕਟਾਂ ਲੈਣ ਵਾਲਾ ਦੂਜਾ ਭਾਰਤੀ ਤੇਜ਼ ਗੇਂਦਬਾਜ਼ ਬਣ ਜਾਣਗੇ।

- ਹੈੱਡ ਟੂ ਹੈੱਡ
- ਕੁੱਲ ਮੈਚ - 21
- ਹੈਦਰਾਬਾਦ - 9 ਜਿੱਤਾਂ
- ਮੁੰਬਈ - 12 ਜਿੱਤਾਂ

ਜੇਕਰ ਅਸੀਂ ਪਿਛਲੇ ਪੰਜ ਮੈਚਾਂ ਦੀ ਗੱਲ ਕਰੀਏ ਤਾਂ ਮੁੰਬਈ ਚਾਰ ਮੈਚ ਜਿੱਤ ਕੇ ਉੱਪਰ ਹੈ।

ਪਿੱਚ ਰਿਪੋਰਟ

ਗੇਂਦਬਾਜ਼ ਲੰਬੇ ਸਮੇਂ ਤੋਂ ਹੈਦਰਾਬਾਦ ਦੀਆਂ ਪਿੱਚਾਂ ਦੇ ਬਹੁਤ ਸਮਤਲ ਹੋਣ ਦੀ ਆਲੋਚਨਾ ਕਰਦੇ ਆ ਰਹੇ ਹਨ, ਜਿਸ ਕਾਰਨ ਇੱਥੇ ਗੇਂਦਬਾਜ਼ੀ ਕਰਨਾ ਉਨ੍ਹਾਂ ਲਈ ਚੁਣੌਤੀਪੂਰਨ ਬਣ ਗਿਆ ਹੈ। ਹਾਲਾਂਕਿ, ਇਹ ਨਹੀਂ ਭੁੱਲਣਾ ਚਾਹੀਦਾ ਹੈ ਕਿ ਇੱਕ ਲੈੱਗ ਸਪਿਨਰ (ਮੁੰਬਈ ਦੇ ਅਲਜ਼ਾਰੀ ਜੋਸੇਫ) ਨੇ ਆਈਪੀਐੱਲ 2019 ਵਿੱਚ ਇਸ ਮੈਦਾਨ 'ਤੇ 6/12 ਨਾਲ ਸ਼ਾਨਦਾਰ ਗੇਂਦਬਾਜ਼ੀ ਕੀਤੀ ਸੀ। ਇਹ ਹੁਣ ਤੱਕ ਦੇ ਕਿਸੇ ਵੀ ਆਈਪੀਐੱਲ ਮੈਚ ਵਿੱਚ ਸਭ ਤੋਂ ਵਧੀਆ ਅੰਕੜਾ ਹੈ।

# ਪੈਂਟਾਗਨ ਨੇ ਇਜ਼ਰਾਈਲ ਨੂੰ ਗਾਜ਼ਾ ਚ ਨਾਗਰਿਕਾਂ ਦੀ ਸੁਰੱਖਿਆ ਦੀ ਕੀਤੀ ਅਪੀਲ



ਅਮਰੀਕੀ ਰੱਖਿਆ ਅਧਿਕਾਰੀਆਂ ਨੇ ਮੰਗਲਵਾਰ ਨੂੰ ਆਪਣੇ ਇਜ਼ਰਾਈਲੀ ਹਮਰੁਤਬਾ ਨੂੰ ਕਿਹਾ ਕਿ ਦੱਖਣੀ ਸ਼ਹਿਰ ਰਫਾਹ ਵਿੱਚ ਕੋਈ ਵੀ ਫੌਜੀ ਕਾਰਵਾਈ ਆਮ ਨਾਗਰਿਕਾਂ ਦੀ ਸੁਰੱਖਿਆ ਅਤੇ ਸਹਾਇਤਾ ਪਹੁੰਚਾਉਣ ਨੂੰ ਧਿਆਨ ਵਿੱਚ ਰੱਖਦੇ ਹੋਏ ਪੜਾਅਵਾਰ ਢੰਗ ਨਾਲ ਕੀਤੀ ਜਾਣੀ ਚਾਹੀਦੀ ਹੈ। ਅਮਰੀਕੀ ਰੱਖਿਆ ਹੈੱਡਕੁਆਰਟਰ ਪੈਂਟਾਗਨ ਦੇ ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਕਿਹਾ ਕਿ ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਇਹ ਸੁਣਿਆ ਪਰ ਇਹ ਸਪੱਸ਼ਟ ਨਹੀਂ ਹੈ ਕਿ ਇਸ ਬੈਠਕ ਦਾ ਗਾਜ਼ਾ ਲਈ ਇਜ਼ਰਾਈਲ ਦੀਆਂ ਯੋਜਨਾਵਾਂ ਅਤੇ ਦੋਵਾਂ ਦੇਸ਼ਾਂ ਵਿਚਾਲੇ ਵਧਦੇ ਤਣਾਅ 'ਤੇ ਕੀ ਪ੍ਰਭਾਵ ਪਵੇਗਾ।

ਅਮਰੀਕੀ ਨੇਤਾ ਰਫਾਹ ਵਿੱਚ ਜ਼ਮੀਨੀ ਹਮਲੇ ਦੇ ਵਿਰੁੱਧ ਲਗਾਤਾਰ ਚੇਤਾਵਨੀ ਦੇ ਰਹੇ ਹਨ ਅਤੇ ਇੱਕ ਵਿਕਲਪਿਕ ਅਤੇ ਨਿਸ਼ਾਨਾ ਮੁਹਿੰਮ ਲਈ ਜ਼ੋਰ ਦੇ ਰਹੇ ਹਨ। ਸੀਨੀਅਰ ਰੱਖਿਆ ਅਧਿਕਾਰੀ ਨੇ ਪੈਂਟਾਗਨ ਵਿੱਚ 90 ਮਿੰਟ ਦੀ ਮੀਟਿੰਗ ਨੂੰ "ਬਹੁਤ ਲਾਭਕਾਰੀ ਅਤੇ ਵਿਚਾਰਸ਼ੀਲ" ਦੱਸਿਆ, ਪਰ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਅਮਰੀਕੀ ਰੱਖਿਆ ਮੰਤਰੀ ਲਾਇਡ ਆਸਟਿਨ ਨੇ ਗਾਜ਼ਾ ਵਿਚ ਮਨੁੱਖੀ ਸਥਿਤੀ ਵਿਚ ਸੁਧਾਰ ਦੀ ਸ਼ਰਤ 'ਤੇ ਇਜ਼ਰਾਈਨ ਨੂੰ ਭਵਿੱਖ ਵਿਚ ਅਮਰੀਗੀ ਫ਼ੌਜੀ ਸਹਾਇਤਾ ਦੇਣ ਦੀ ਗੱਲ ਕਹੀ ਹੈ ਤਾਂ ਉਨ੍ਹਾਂ ਨੇ ਇਸ 'ਤੇ ਇਤਰਾਜ਼ ਜਤਾਇਆ।ਅਧਿਕਾਰੀ ਦੇ ਅਨੁਸਾਰ, ਆਸਟਿਨ ਨੇ ਕਿਹਾ ਕਿ ਅਮਰੀਕਾ ਹਥਿਆਰਬੰਦ ਸੰਘਰਸ਼ ਅਤੇ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਦੇ ਅਨੁਸਾਰ ਇਜ਼ਰਾਈਲ ਦੇ ਆਪਣੇ ਬਚਾਅ ਦੇ ਅਧਿਕਾਰ ਦਾ ਸਮਰਥਨ ਕਰਨਾ ਜਾਰੀ ਰੱਖੇਗਾ। ਇਸ ਬੈਠਕ ਵਿੱਚ ਜੁਆਇੰਟ ਚੀਫ਼ ਆਫ਼ ਸਟਾਫ਼ ਜਨਰਲ ਸੀ ਕਿਊ ਬਰਾਊਨ ਵੀ ਸ਼ਾਮਲ ਸਨ ਅਤੇ ਇਹ ਅਜਿਹੇ ਸਮੇਂ ਵਿੱਚ ਹੋਈ ਜਦੋਂ ਅਮਰੀਕਾ ਅਤੇ ਇਜ਼ਰਾਈਲ ਦੇ ਸਬੰਧਾਂ ਵਿਚ ਤਣਾਅ ਆ ਗਿਆ ਹੈ। ਇਜ਼ਰਾਈਲ ਦੇ ਰੱਖਿਆ ਮੰਤਰੀ ਯੋਵ ਗੈਲੈਂਟ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਨੇ "ਖੇਤਰ ਵਿੱਚ ਇਜ਼ਰਾਈਲ ਦੀ ਗੁਣਾਤਮਕ ਫੌਜੀ ਬੜ੍ਹਤ ਯਕੀਨੀ ਬਣਾਉਣ ਲਈ ਇਜ਼ਰਾਈਲੀ ਅਤੇ ਅਮਰੀਕੀ ਰੱਖਿਆ ਅਦਾਰਿਆਂ ਵਿਚਕਾਰ ਮਹੱਤਵਪੂਰਨ ਸਹਿਯੋਗ" 'ਤੇ ਚਰਚਾ ਕੀਤੀ।ਅਮਰੀਕੀ ਰੱਖਿਆ ਅਧਿਕਾਰੀ ਨੇ ਕਿਹਾ ਕਿ ਇਜ਼ਰਾਈਲ ਬਲਾਂ ਨੂੰ ਸਟੀਕ ਨਿਸ਼ਾਨਾ ਬਣਾ ਕੇ ਕਾਰਵਾਈ ਕਰਨੀ ਚਾਹੀਦੀ ਹੈ ਜੋ ਗਾਜ਼ਾ ਵਿੱਚ ਕਿਤੇ ਵੀ ਮੌਜੂਦ ਹਮਾਸ ਨੇਤਾਵਾਂ ਦੇ ਖਿਲਾਫ ਪ੍ਰਭਾਵਸ਼ਾਲੀ ਰਹੀ ਹੈ। ਅਧਿਕਾਰੀ ਨੇ ਗੈਲੈਂਟ ਦੇ ਜਵਾਬ ਬਾਰੇ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ। ਅਧਿਕਾਰੀ ਨੇ ਕਿਹਾ, "ਅੱਜ ਦੋਹਾਂ ਮੰਤਰੀਆਂ ਵਿਚਾਲੇ ਬਹੁਤ ਚੰਗੀ ਗੱਲਬਾਤ ਹੋਈ। ਉਹ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਉਹ ਇੱਕ ਦੂਜੇ 'ਤੇ ਭਰੋਸਾ ਕਰਦੇ ਹਨ। ਉਹ ਦੋਸਤ ਹਨ।" ਗੈਲੈਂਟ ਨੇ ਇਜ਼ਰਾਈਲ ਲਈ ਚੱਲ ਰਹੇ ਖਤਰਿਆਂ 'ਤੇ ਜ਼ੋਰ ਦਿੱਤਾ।

# ਭਾਰਤੀ ਮੂਲ ਦੇ ਪਵਨ ਦਾਵਲੁਰੀ ਮਾਈਕ੍ਰੋਸਾਫਟ ਵਿੰਡੋਜ਼ ਦੇ ਨਵੇਂ ਮੁਖੀ ਨਿਯੁਕਤ



ਭਾਰਤੀ-ਅਮਰੀਕੀ ਪਵਨ ਦਾਵਲੁਰੀ ਨੂੰ ਮਾਈਕ੍ਰੋਸਾਫਟ ਦੇ ਆਪਰੇਟਿੰਗ ਸਿਸਟਮ ਵਿੰਡੋਜ਼ ਅਤੇ ਸਰਫੇਸ ਡਿਵੀਜ਼ਨਾਂ ਦਾ ਨਵਾਂ ਮੁਖੀ ਨਿਯੁਕਤ ਕੀਤਾ ਗਿਆ ਹੈ। ਕੰਪਨੀ ਨੇ ਪਵਨ ਦਾਵਲੁਰੀ ਨੂੰ ਪਨੋਸ ਪਨਯ ਦੀ ਥਾਂ 'ਤੇ ਨਿਯੁਕਤ ਕੀਤਾ ਹੈ। ਪਨਯ ਨੇ ਪਿਛਲੇ ਸਾਲ ਐਮਾਜ਼ਾਨ ਨਾਲ ਜੁੜਨ ਲਈ ਮਾਈਕ੍ਰੋਸਾਫਟ ਦੇ ਵਿੰਡੋਜ਼ ਮੁਖੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਦੋਂ ਤੋਂ ਇਹ ਅਹੁਦਾ ਖਾਲੀ ਪਿਆ ਸੀ। ਹੁਣ ਪਵਨ ਨੂੰ ਮਾਈਕ੍ਰੋਸਾਫਟ ਵੱਲੋਂ ਇਸ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ। ਪਵਨ ਦਾਵਲੁਰੀ ਭਾਰਤ ਦੇ ਮਦਰਾਸ ਨਾਲ ਸਬੰਧ ਰੱਖਦੇ ਹਨ। ਪਵਨ ਮਾਈਕ੍ਰੋਸਾਫਟ ਵਿੱਚ 23 ਸਾਲਾਂ ਤੋਂ ਵੱਧ ਸਮੇਂ ਤੋਂ ਕੰਮ ਕਰ ਰਹੇ ਹਨ। 1999 ਵਿੱਚ ਯੂਨੀਵਰਸਿਟੀ ਆਫ ਮੈਰੀਲੈਂਡ ਤੋਂ ਐੱਮ.ਐੱਸ. ਕਰਨ ਤੋਂ ਬਾਅਦ ਪਵਨ 2001 ਵਿੱਚ ਮਾਈਕ੍ਰੋਸਾੱਫਟ ਵਿੱਚ ਭਰੋਸੇਯੋਗਤਾ ਕੰਪੋਨੈਂਟ ਮੈਨੇਜਰ ਵਜੋਂ ਸ਼ਾਮਲ ਹੋਏ ਸਨ। ਆਪਣੀ ਨਵੀਨਤਮ ਨਿਯੁਕਤੀ ਤੋਂ ਪਹਿਲਾਂ, ਪਵਨ ਵਿੰਡੋਜ਼ ਸਿਲੀਕਾਨ ਅਤੇ ਸਿਸਟਮ ਏਕੀਕਰਣ ਦੇ ਕਾਰਪੋਰੇਟ ਉਪ ਪ੍ਰਧਾਨ ਦੀਆਂ ਜ਼ਿੰਮੇਵਾਰੀਆਂ ਸੰਭਾਲ ਰਹੇ ਸਨ। ਪਹਿਲਾਂ ਵਿੰਡੋਜ਼ ਅਤੇ ਸਰਫੇਸ ਵਿਭਾਗਾਂ ਲਈ ਵੱਖਰੇ-ਵੱਖਰੇ ਮੁਖੀ ਹੁੰਦੇ ਸਨ। ਹੁਣ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਪਵਨ ਨੂੰ ਦੋਵਾਂ ਦੀਆਂ ਜ਼ਿੰਮੇਵਾਰੀਆਂ ਮਿਲ ਗਈਆਂ ਹਨ। ਇਸ ਦੌਰਾਨ, ਤਾਜ਼ਾ ਨਿਯੁਕਤੀ ਦੇ ਨਾਲ, ਪਵਨ ਨੂੰ ਭਾਰਤੀ ਲੋਕਾਂ ਦੀ ਸੂਚੀ ਵਿੱਚ ਅਹਿਮ ਜਗ੍ਹਾ ਮਿਲੀ ਹੈ,ਜਿਨ੍ਹਾਂ ਨੇ ਸੁਪਰਪਾਵਰ ਤਕਨੀਕੀ ਕੰਪਨੀਆਂ ਵਿੱਚ ਸਭ ਤੋਂ ਉੱਚੇ ਅਹੁਦੇ ਲਏ ਹਨ।

# US ਚ ਪੁਲ ਹਾਦਸੇ ਚ ਲਾਪਤਾ 6 ਲੋਕ ਮੰਨੇ ਗਏ ਮ੍ਰਿਤਕ, ਜਹਾਜ਼ ਚ ਸਵਾਰ ਸਾਰੇ ਭਾਰਤੀ ਸੁਰੱਖਿਅਤ

ਅਮਰੀਕਾ ਦੇ ਮੈਰੀਲੈਂਡ ਦੇ ਬਾਲਟੀਮੋਰ ਵਿੱਚ ਸੋਮਵਾਰ ਦੇਰ ਰਾਤ ਇੱਕ ਮਾਲਵਾਹਕ ਜਹਾਜ਼ ਦੇ ਇੱਕ ਵੱਡੇ ਪੁਲ ਨਾਲ ਟਕਰਾਉਣ ਅਤੇ ਨਦੀ ਵਿੱਚ ਡਿੱਗਣ ਤੋਂ ਬਾਅਦ ਲਾਪਤਾ ਹੋਏ ਸਾਰੇ 6 ਲੋਕਾਂ ਨੂੰ ਮ੍ਰਿਤਕ ਮੰਨ ਲਿਆ ਗਿਆ ਹੈ ਅਤੇ ਖੋਜ ਮੁਹਿੰਮ ਨੂੰ ਅਗਲੇ ਦਿਨ ਤੱਕ ਰੋਕ ਦਿੱਤਾ ਗਿਆ। ਮੈਰੀਲੈਂਡ ਦੇ ਗਵਰਨਰ ਨੇ ਕਿਹਾ ਕਿ ਜਹਾਜ਼ ਦੇ ਅਮਲੇ ਨੇ ਫ੍ਰਾਂਸਿਸ ਸਕੌਟ ਕੀ ਬ੍ਰਿਜ ਨੂੰ ਟੱਕਰ ਮਾਰਨ ਤੋਂ ਪਹਿਲਾਂ ਇੱਕ ਚੇਤਾਵਨੀ ਸੰਦੇਸ਼ ਜਾਰੀ ਕੀਤਾ, ਜਿਸ ਨਾਲ ਅਧਿਕਾਰੀਆਂ ਨੂੰ ਪੁਲ 'ਤੇ ਵਾਹਨਾਂ ਦੀ ਗਿਣਤੀ ਨੂੰ ਸੀਮਤ ਕਰਨ ਵਿੱਚ ਮਦਦ ਮਿਲੀ। ਜਹਾਜ਼ ਪੁਲ ਦੇ ਇੱਕ ਖੰਭੇ ਨਾਲ ਟਕਰਾ ਗਿਆ, ਜਿਸ ਕਾਰਨ ਢਾਂਚਾ ਸਕਿੰਟਾਂ ਵਿੱਚ ਨਦੀ ਵਿੱਚ ਡਿੱਗ ਗਿਆ। ਇਸ ਦੌਰਾਨ ਜਹਾਜ਼ ਨੂੰ ਅੱਗ ਲੱਗ ਗਈ ਅਤੇ ਉਸ ਵਿੱਚੋਂ ਕਾਲਾ ਧੂੰਆਂ ਨਿਕਲਣ ਲੱਗਾ। ਕਿਸੇ ਨੇ ਇਸ ਘਟਨਾ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪਾ ਦਿੱਤੀ। ਮੈਰੀਲੈਂਡ ਰਾਜ ਦੇ ਪੁਲਸ ਸੁਪਰਡੈਂਟ ਕਰਨਲ ਰੋਲੈਂਡ ਐਲ. ਬਟਲਰ ਜੂਨੀਅਰ ਨੇ ਮੰਗਲਵਾਰ ਸ਼ਾਮ ਨੂੰ ਕਿਹਾ ਕਿ ਲਾਪਤਾ ਦੀ ਖੋਜ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਗੋਤਾਖੋਰ ਬੁੱਧਵਾਰ ਸਵੇਰੇ 6 ਵਜੇ ਘਟਨਾ ਸਥਾਨ 'ਤੇ ਵਾਪਸ ਆਉਣਗੇ ਜਦੋਂ ਰਾਤ ਭਰ ਨਦੀ ਦੀ ਚੁਣੌਤੀਪੂਰਨ ਸਥਿਤੀ ਵਿੱਚ ਸੁਧਾਰ ਹੋਵੇਗਾ। ਜਹਾਜ਼ ਸਥਾਨਕ ਸਮੇਂ ਅਨੁਸਾਰ ਕਰੀਬ ਡੇਢ ਵਜੇ ਬਾਲਟੀਮੋਰ 'ਚ 'ਫ੍ਰਾਂਸਿਸ ਸਕੌਟ ਕੀ ਬ੍ਰਿਜ' ਦੇ ਇਕ ਖੰਭੇ ਨਾਲ ਟਕਰਾ ਗਿਆ। ਰਾਜ ਦੇ ਟਰਾਂਸਪੋਰਟ ਮੰਤਰੀ ਪੌਲ ਵਾਈਡਫੀਲਡ ਨੇ ਕਿਹਾ ਕਿ ਛੇ ਲੋਕ, ਜਿਨ੍ਹਾਂ ਦਾ ਅਜੇ ਵੀ ਪਤਾ ਨਹੀਂ ਚੱਲ ਪਾਇਆ ਹੈ, ਉਹ ਪੁਲ 'ਤੇ ਟੋਏ ਭਰਨ ਵਾਲੇ ਨਿਰਮਾਣ ਅਮਲੇ ਦਾ ਹਿੱਸਾ ਸਨ।



ਕਰਮਚਾਰੀਆਂ ਨੂੰ ਨੌਕਰੀ ਦੇਣ ਵਾਲੀ ਕੰਪਨੀ ਦੇ ਇਕ ਸੀਨੀਅਰ ਅਧਿਕਾਰੀ ਨੇ ਮੰਗਲਵਾਰ ਦੁਪਹਿਰ ਨੂੰ ਕਿਹਾ ਕਿ ਨਦੀ ਦੀ ਡੂੰਘਾਈ ਅਤੇ ਹਾਦਸੇ ਤੋਂ ਬਾਅਦ ਦੇ ਸਮੇਂ ਨੂੰ ਦੇਖਦੇ ਹੋਏ ਲਾਪਤਾ ਲੋਕਾਂ ਨੂੰ ਮ੍ਰਿਤਕ ਮੰਨਿਆ ਗਿਆ ਹੈ। ਬਰਾਊਡਰ ਬਿਲਡਰਜ਼ ਦੇ ਕਾਰਜਕਾਰੀ ਉਪ ਪ੍ਰਧਾਨ ਜੈਫਰੀ ਪ੍ਰਿਟਜ਼ਕਰ ਨੇ ਕਿਹਾ ਕਿ ਜਦੋਂ ਇਹ ਡਿੱਗਿਆ ਤਾਂ ਕਰਮਚਾਰੀ ਪੁਲ ਦੇ ਵਿਚਕਾਰ ਕੰਮ ਕਰ ਰਹੇ ਸਨ। ਕਈ ਵਾਹਨ ਵੀ ਨਦੀ ਵਿੱਚ ਡਿੱਗ ਗਏ ਹਨ। ਬਾਲਟੀਮੋਰ ਦੇ ਮੇਅਰ ਬ੍ਰੈਂਡਨ ਸਕਾਟ ਨੇ ਇਸ ਨੂੰ "ਇੱਕ ਕਲਪਨਾਯੋਗ ਦੁਖਾਂਤ" ਕਿਹਾ।

# ਭਾਰਤੀ ਸੈਲਾਨੀਆਂ ਚ ਵਧਿਆ ਆਸਟ੍ਰੇਲੀਆ ਜਾਣ ਦਾ ਚਾਅ, ਸਾਲ ਦੇ ਸ਼ੁਰੂ ਚ ਹੀ ਪੁੱਜੇ ਹਜ਼ਾਰਾਂ ਲੋਕ

ਭਾਰਤੀ ਲੋਕਾਂ ਦਾ ਆਸਟ੍ਰੇਲੀਆ ਜਾਣ ਦਾ ਚਾਅ ਅਜੇ ਵੀ ਬਰਕਰਾਰ ਹੈ। ਇਸ ਹਿਸਾਬ ਨਾਲ ਇਸ ਸਾਲ ਜਨਵਰੀ 'ਚ 26,200 ਭਾਰਤੀ ਸੈਲਾਨੀ ਆਸਟ੍ਰੇਲੀਆ ਪਹੁੰਚੇ, ਜੋ ਸਾਲ-ਦਰ-ਸਾਲ ਦੀ ਤੁਲਨਾ 'ਚ ਲਗਭਗ ਛੇ ਫ਼ੀਸਦੀ ਦਾ ਵਾਧਾ ਹੈ। ਟੂਰਿਜ਼ਮ ਆਸਟ੍ਰੇਲੀਆ ਨੇ ਮੰਗਲਵਾਰ ਨੂੰ ਇਸ ਗੱਲ ਦੀ ਜਾਣਕਾਰੀ ਦਿੱਤੀ ਹੈ। ਇਸ ਤੋਂ ਇਲਾਵਾ ਭਾਰਤ ਨੇ ਆਪਣੀ ਸਥਿਤੀ ਵਿਚ ਵੀ ਕਾਫ਼ੀ ਸੁਧਾਰ ਕੀਤਾ ਹੈ। ਟੂਰਿਜ਼ਮ ਆਸਟ੍ਰੇਲੀਆ ਲਈ ਭਾਰਤ 2019 ਵਿੱਚ ਸੱਤਵੇਂ ਸਥਾਨ 'ਤੇ ਸੀ ਅਤੇ 2024 ਵਿੱਚ ਇਹ ਪੰਜਵੇਂ ਸਥਾਨ 'ਤੇ ਆ ਗਿਆ ਹੈ। ਟੂਰਿਜ਼ਮ ਆਸਟ੍ਰੇਲੀਆ ਦੇ ਕੰਟਰੀ ਮੈਨੇਜਰ (ਭਾਰਤ ਅਤੇ ਖਾੜੀ) ਨਿਸ਼ਾਂਤ ਕਾਸ਼ੀਕਰ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ, "ਜਨਵਰੀ ਵਿੱਚ ਅਸੀਂ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਅਤੇ 26,200 ਭਾਰਤੀਆਂ ਨੇ ਆਸਟ੍ਰੇਲੀਆ ਦਾ ਦੌਰਾ ਕੀਤਾ। ਇਹ 2019 ਦੇ ਇਸੇ ਮਹੀਨੇ ਦੌਰਾਨ 24,700 ਦੇ ਮੁਕਾਬਲੇ 6.07 ਫ਼ੀਸਦੀ ਦਾ ਵਾਧਾ ਹੈ।" ਉਨ੍ਹਾਂ ਨੇ ਕਿਹਾ, "ਜੇਕਰ ਅਸੀਂ ਫਰਵਰੀ 2023 ਤੋਂ ਜਨਵਰੀ 2024 ਤੱਕ ਦੀ ਗਿਣਤੀ ਕਰੀਏ ਤਾਂ ਆਸਟ੍ਰੇਲੀਆ ਜਾਣ ਵਾਲੇ ਭਾਰਤੀਆਂ ਦੀ ਕੁੱਲ ਗਿਣਤੀ 4,00,000 ਦਾ ਅੰਕੜਾ ਪਾਰ ਕਰਕੇ 4,02,200 ਤੱਕ ਪਹੁੰਚ ਗਈ ਹੈ।"




# ਆਸਟ੍ਰੇਲੀਆ ਚ 17 ਸਾਲਾ ਨੌਜਵਾਨ ਤੇ ਆਪਣੇ ਸਾਥੀ ਨੂੰ ਚਾਕੂ ਮਾਰਨ ਦੇ ਦੋਸ਼

ਆਸਟ੍ਰੇਲੀਆ ਦਾ ਹੈਰਾਨ ਕਰ ਦੇਣ ਵਾਲਾ ਇਕ ਮਾਮਲਾ ਸਾਹਮਣੇ ਆਇਆ ਹੈ। ਇੱਥੇ ਵਿਕਟੋਰੀਆ ਸੂਬੇ ਦੀ ਪੁਲਸ ਨੇ ਬੁੱਧਵਾਰ ਨੂੰ ਦੱਸਿਆ ਕਿ 17 ਸਾਲਾ ਇਕ ਮੁੰਡੇ 'ਤੇ ਮੈਲਬੌਰਨ ਦੇ ਪੱਛਮ 'ਚ ਇਕ ਸਕੂਲ 'ਚ ਆਪਣੇ ਸਾਥੀ ਵਿਦਿਆਰਥੀ 'ਤੇ ਚਾਕੂ ਮਾਰਨ ਦੇ ਦੋਸ਼ ਲਾਏ ਗਏ ਹਨ।

ਵਿਕਟੋਰੀਆ ਪੁਲਸ ਵੱਲੋਂ ਜਾਰੀ ਬਿਆਨ ਅਨੁਸਾਰ ਮੰਗਲਵਾਰ ਨੂੰ ਸਥਾਨਕ ਸਮੇਂ ਅਨੁਸਾਰ ਦੁਪਹਿਰ ਬਾਅਦ ਐਮਰਜੈਂਸੀ ਸੇਵਾਵਾਂ ਨੂੰ ਮੈਲਬੌਰਨ ਦੇ ਕੇਂਦਰੀ ਵਪਾਰਕ ਜ਼ਿਲ੍ਹੇ ਤੋਂ ਲਗਭਗ 35 ਕਿਲੋਮੀਟਰ ਪੱਛਮ ਵਿੱਚ ਸਥਿਤ ਇੱਕ ਉਪਨਗਰ, ਮੇਲਟਨ ਸਾਊਥ ਵਿੱਚ ਵਿਲਸਨ ਰੋਡ ਨੂੰ ਬੁਲਾਇਆ ਗਿਆ। ਮੌਕੇ 'ਤੇ ਪਹੁੰਚੀ ਪੁਲਸ ਨੇ ਇੱਕ 16 ਸਾਲ ਦੇ ਮੁੰਡੇ ਨੂੰ ਗੈਰ-ਜਾਨ ਖ਼ਤਰੇ ਵਾਲੀਆਂ ਸੱਟਾਂ ਨਾਲ ਹਸਪਤਾਲ ਪਹੁੰਚਾਇਆ। ਉੱਧਰ ਇੱਕ 17 ਸਾਲਾ ਮੁੰਡੇ ਨੇ ਮੌਕੇ ਤੋਂ ਭੱਜਣ ਤੋਂ ਬਾਅਦ ਆਪਣੇ ਆਪ ਨੂੰ ਪੁਲਸ ਕੋਲ ਪੇਸ਼ ਕੀਤਾ। ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ 'ਤੇ ਕੁੱਟਮਾਰ ਕਰਨ ਦਾ ਦੋਸ਼ ਲਗਾਇਆ ਗਿਆ।ਰਾਜ ਪੁਲਸ ਬਲ ਨੇ ਅੱਗੇ ਕਿਹਾ,"ਪੁਲਸ ਦੂਜੇ ਅਪਰਾਧੀ ਦੀ ਭਾਲ ਜਾਰੀ ਰੱਖੇ ਹੋਏ ਹੈ, ਜੋ ਹਾਲੇ ਵੀ ਫਰਾਰ ਹੈ। ਫਿਲਹਾਲ ਜਾਂਚ ਜਾਰੀ ਹੈ।" ਇਸ ਤੋਂ ਪਹਿਲਾਂ ਵਿਕਟੋਰੀਆ ਦੇ ਸਿੱਖਿਆ ਵਿਭਾਗ ਦੇ ਬੁਲਾਰੇ ਨੇ ਸਥਾਨਕ ਮੀਡੀਆ ਨੂੰ ਦੱਸਿਆ ਕਿ ਸਕੂਲ ਪੁਲਸ ਨਾਲ ਜਾਂਚ ਵਿਚ ਸਹਿਯੋਗ ਕਰ ਰਿਹਾ ਹੈ।



# ਰੂਸ ਦੇ ਸੰਸਦ ਮੈਂਬਰ ਅੱਤਵਾਦੀ ਹਮਲੇ ਮਗਰੋਂ ਮੌਤ ਦੀ ਸਜ਼ਾ ਤੇ ਲੱਗੀ ਰੋਕ ਹਟਾਉਣ ਤੇ ਕਰ ਰਹੇ ਹਨ ਵਿਚਾਰ




ਰੂਸ ਦੀ ਰਾਜਧਾਨੀ ਮਾਸਕੋ 'ਚ ਹਾਲ ਹੀ 'ਚ ਇਕ ਕੰਸਰਟ ਹਾਲ 'ਚ ਘਾਤਕ ਅੱਤਵਾਦੀ ਹਮਲਾ ਹੋਇਆ। ਇਸ ਤੋਂ ਬਾਅਦ ਰੂਸੀ ਸੰਸਦ ਮੈਂਬਰ ਦੇਸ਼ 'ਚ ਮੌਤ ਦੀ ਸਜ਼ਾ 'ਤੇ ਲੱਗੀ ਪਾਬੰਦੀ ਹਟਾਉਣ 'ਤੇ ਵਿਚਾਰ ਕਰ ਰਹੇ ਹਨ। ਰੂਸ ਦੀ ਲਿਬਰਲ ਡੈਮੋਕ੍ਰੇਟਿਕ ਪਾਰਟੀ ਦੇ ਮੁਖੀ, ਲਿਓਨਿਡ ਸਲੁਟਸਕੀ ਨੇ ਮੰਗਲਵਾਰ ਨੂੰ ਸਟੇਟ ਡੂਮਾ ਜਾਂ ਸੰਸਦ ਦੇ ਹੇਠਲੇ ਸਦਨ ਦੇ ਇੱਕ ਪਲੈਨਰੀ ਸੈਸ਼ਨ ਵਿੱਚ ਅੱਤਵਾਦੀ ਹਮਲੇ ਦੇ ਸ਼ੱਕੀਆਂ ਦਾ ਹਵਾਲਾ ਦਿੰਦੇ ਹੋਏ ਕਿਹਾ, "ਅੱਜ ਇਨ੍ਹਾਂ ਦਰਿੰਦਿਆਂ ਲਈ ਮੌਤ ਦੀ ਸਜ਼ਾ ਤੋਂ ਇਲਾਵਾ ਕੋਈ ਹੋਰ ਸਜ਼ਾ ਨਹੀਂ ਹੈ।" ਇਕ ਏਜੰਸੀ ਨੇ ਰਿਪੋਰਟ ਦਿੱਤੀ ਹੈ ਕਿ ਸੰਸਦ ਦੇ ਸਪੀਕਰ ਵਿਆਚੇਸਲਾਵ ਵੋਲੋਡਿਨ ਨੇ ਮੌਤ ਦੀ ਸਜ਼ਾ ਅਤੇ ਪ੍ਰਵਾਸ ਨੀਤੀ ਦੀ ਵਰਤੋਂ ਬਾਰੇ ਕਾਨੂੰਨਾਂ ਦਾ ਵਿਸ਼ਲੇਸ਼ਣ ਕਰਨ ਲਈ ਇੱਕ ਅੰਤਰ-ਧੜਾ ਕਾਰਜ ਸਮੂਹ ਬਣਾਉਣ ਦਾ ਪ੍ਰਸਤਾਵ ਦਿੱਤਾ ਹੈ। ਸਟੇਟ ਡੂਮਾ ਕਮੇਟੀ ਦੇ ਚੇਅਰਮੈਨ ਪਾਵੇਲ ਕ੍ਰਾਸ਼ੇਨਿਨਿਕੋਵ ਨੇ ਕਿਹਾ ਕਿ ਕਮੇਟੀ ਮੌਤ ਦੀ ਸਜ਼ਾ 'ਤੇ ਪਾਬੰਦੀ ਲਗਾਉਣ ਵਾਲੇ ਵੱਖ-ਵੱਖ ਪ੍ਰਸਤਾਵਾਂ ਅਤੇ ਬਿੱਲਾਂ 'ਤੇ ਚਰਚਾ ਕਰਨ ਲਈ ਤਿਆਰ ਹੈ ਪਰ ਅਜਿਹੇ ਫ਼ੈਸਲੇ ਲੈਣ ਵੇਲੇ ਸਬਰ ਰੱਖਣਾ ਜ਼ਰੂਰੀ ਹੈ।ਰੂਸ ਦੇ 1996 ਵਿੱਚ ਯੂਰਪ ਦੀ ਕੌਂਸਲ ਵਿੱਚ ਸ਼ਾਮਲ ਹੋਣ ਤੋਂ ਬਾਅਦ ਮੌਤ ਦੀ ਸਜ਼ਾ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਰੂਸ ਦੀ ਸੰਵਿਧਾਨਕ ਅਦਾਲਤ ਨੇ 1999 ਵਿੱਚ ਮੌਤ ਦੀ ਸਜ਼ਾ 'ਤੇ ਪਾਬੰਦੀ ਲਗਾ ਦਿੱਤੀ ਸੀ। ਦੱਸ ਦੇਈਏ ਕਿ ਅੱਤਵਾਦੀਆਂ ਨੇ ਪਿਛਲੇ ਸ਼ੁੱਕਰਵਾਰ ਨੂੰ ਮਾਸਕੋ ਦੇ ਇੱਕ ਕੰਸਰਟ ਹਾਲ ਵਿੱਚ ਗੋਲੀਬਾਰੀ ਕੀਤੀ ਸੀ। ਰੂਸੀ ਜਾਂਚ ਕਮੇਟੀ ਨੇ ਕਿਹਾ ਕਿ ਅੱਤਵਾਦੀ ਹਮਲੇ 'ਚ ਘੱਟੋ-ਘੱਟ 139 ਲੋਕ ਮਾਰੇ ਗਏ।

# ਅਮਰੀਕਾ ਦੇ ਜ਼ਿਆਦਾਤਰ ਵੋਟਰ ਬਾਈਡੇਨ ਨੂੰ ਮੰਨਦੇ ਹਨ ਕਮਜ਼ੋਰ ਫੌਜੀ ਨੇਤਾ



ਅਮਰੀਕਾ ਵਿਚ ਜ਼ਿਆਦਾਤਰ ਸੰਭਾਵੀ ਵੋਟਰ ਰਾਸ਼ਟਰਪਤੀ ਜੋਅ ਬਾਈਡੇਨ ਨੂੰ ਹਾਲੀਆ ਹੋਰ ਰਾਸ਼ਟਰਪਤੀਆਂ ਦੇ ਮੁਕਾਬਲੇ ਅਮਰੀਕੀ ਫੌਜ ਦਾ ਕਮਜ਼ੋਰ ਕਮਾਂਡਰ ਅਤੇ ਮੁਖੀ ਮੰਨਦੇ ਹਨ। ਇਹ ਖੁਲਾਸਾ 18 ਤੋਂ 20 ਮਾਰਚ ਦਰਮਿਆਨ ਹੋਏ ਰਾਸਮੁਸੇਨ ਰਿਪੋਰਟਸ ਪੋਲ ਵਿੱਚ ਹੋਇਆ ਹੈ। ਮੰਗਲਵਾਰ ਨੂੰ ਸਰਵੇਖਣ ਦੀ ਰਿਪੋਰਟ ਵਿੱਚ ਕਿਹਾ ਗਿਆ ਕਿ 53 ਫ਼ੀਸਦੀ ਵੋਟਰਾਂ ਦਾ ਮੰਨਣਾ ਹੈ ਕਿ ਬਾਈਡੇਨ ਹਾਲ ਹੀ ਦੇ ਅਮਰੀਕੀ ਰਾਸ਼ਟਰਪਤੀਆਂ ਦੀ ਤੁਲਨਾ ਵਿਚ ਇੱਕ ਕਮਜ਼ੋਰ ਫੌਜੀ ਕਮਾਂਡਰ ਹਨ।ਸਰਵੇਖਣ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇੱਕ-ਚੌਥਾਈ ਤੋਂ ਘੱਟ ਯਾਨੀ 24 ਫ਼ੀਸਦੀ ਵੋਟਰਾਂ ਦਾ ਮੰਨਣਾ ਹੈ ਕਿ ਬਾਈਡੇਨ ਹੋਰ ਹਾਲੀਆ ਰਾਸ਼ਟਰਪਤੀਆਂ ਦੇ ਮੁਕਾਬਲੇ ਇੱਕ ਮਜ਼ਬੂਤ ਫ਼ੌਜੀ ਨੇਤਾ ਹਨ, ਜਦੋਂ ਕਿ 20 ਫ਼ੀਸਦੀ ਬਾਈਡੇਨ ਨੂੰ ਹੋਰ ਰਾਸ਼ਟਰਪਤੀਆਂ ਵਾਂਗ ਹੀ ਮੰਨਦੇ ਹਨ।

ਪੋਲ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਪ੍ਰੈਲ 2022 ਤੋਂ ਬਾਅਦ ਅੰਕੜਿਆਂ ਵਿੱਚ ਮਾਮੂਲੀ ਬਦਲਾਅ ਹੋਇਆ ਹੈ। ਇਹ ਸਰਵੇਖਣ ਯੂਕ੍ਰੇਨ ਅਤੇ ਇਜ਼ਰਾਈਲ ਵਿੱਚ ਸੰਘਰਸ਼ਾਂ ਦੇ ਨਾਲ-ਨਾਲ ਲਾਲ ਸਾਗਰ ਵਿੱਚ ਇੱਕ ਫੌਜੀ ਕਾਰਵਾਈ ਵਿੱਚ ਅਮਰੀਕਾ ਦੀ ਸ਼ਮੂਲੀਅਤ ਦੇ ਵਿਚਕਾਰ ਆਇਆ ਹੈ।

# ਸ਼ਹੀਦ ਭਗਤ ਸਿੰਘ ਦੀ ਜੀਵਨੀ






ਹਿੰਦੁਸਤਾਨ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਅਜ਼ਾਦ ਕਰਵਾਉਣ ਲਈ ਦੇਸ਼ਵਾਸੀਆਂ ਨੂੰ ਇੱਕ ਲੰਮਾ ਸੰਘਰਸ਼ ਕਰਨਾ ਪਿਆ। ਇਸ ਲੰਮੇ ਤੇ ਕੁਰਬਾਨੀਆਂ ਦੇ ਇਤਿਹਾਸ ਵਿੱਚ ਪੰਜਾਬੀਆਂ ਨੇ ਸਭ ਤੋਂ ਵੱਧ ਹਿੱਸਾ ਪਾਇਆ।ਜਿਨ੍ਹਾਂ ਸ਼ਹੀਦਾਂ ਦੇ ਯਤਨਾਂ ਸਦਕਾ ਸਾਡਾ ਦੇਸ਼ ਅਜ਼ਾਦ ਹੋਇਆ, ਉਹਨਾਂ ਨੂੰ ਵਿਸਾਰਿਆ ਨਹੀਂ ਜਾ ਸਕਦਾ।ਉਹ ਸਾਡੇ ਇਤਿਹਾਸ ਦਾ ਗੌਰਵ ਤੇ ਮਾਣ ਹਨ। ਅਜਿਹੇ ਸੂਰਬੀਰ ਅਤੇ ਅਣਖੀਲੇ ਯੋਧਿਆਂ ਵਿੱਚ ਸ: ਊਧਮ ਸਿੰਘ ਦਾ ਨਾਂ ਬਹੁਤ ਹੀ ਸਤਿਕਾਰ ਦਾ ਪਾਤਰ ਹੈ। ਉਸ ਨੂੰ ਆਪਣਾ ਨਾਂ ਊਧਮ ਸਿੰਘ ਦੀ ਥਾਂ 'ਰਾਮ ਮੁਹੰਮਦ ਸਿੰਘ ਆਜ਼ਾਦ' ਵਧੇਰੇ ਪਸੰਦ ਸੀ। ਇਸ ਵਿੱਚ ਰਾਮ ਹਿੰਦੂਆਂ ਦਾ, ਮੁਹੰਮਦ ਮੁਸਲਮਾਨਾਂ ਦਾ, ਸਿੰਘ ਸਿੱਖਾਂ ਦਾ ਅਤੇ ਆਜ਼ਾਦ ਹਿੰਦੁਸਤਾਨ ਦੀ ਅਜ਼ਾਦੀ ਦਾ ਪ੍ਰਤੀਕ ਸੀ।

ਊਧਮ ਸਿੰਘ ਦਾ ਜਨਮ 26 ਦਸੰਬਰ, 1898 ਨੂੰ ਪਿੰਡ ਸੁਨਾਮ ਜ਼ਿਲ੍ਹਾ ਸੰਗਰੂਰ (ਪੰਜਾਬ) ਵਿਖੇ ਹੋਇਆ। ਉਸ ਦਾ ਪਿਤਾ ਸ. ਟਹਿਲ ਸਿੰਘ ਕੰਬੋਜ ਬਰਾਦਰੀ 'ਚੋਂ ਸੀ ਅਤੇ ਰੇਲਵੇ ਫਾਟਕ ਦੀ ਚੌਕੀਦਾਰੀ ਕਰਦਾ ਸੀ।ਉਸ ਦੀ ਮਾਤਾ ਦਾ ਨਾਂ ਨਰਾਇਣ ਕੌਰ ਸੀ।ਊਧਮ ਸਿੰਘ ਅਜੇ ਬਾਲ ਹੀ ਸੀ ਜਦੋਂ ਉਸ ਦੇ ਮਾਤਾ-ਪਿਤਾ ਚੱਲ ਵੱਸੇ ਤੇ ਊਧਮ ਸਿੰਘ ਯਤੀਮ ਹੋ ਗਿਆ। ਗਿਆਨੀ ਚੈਂਚਲ ਸਿੰਘ ਇੱਕ ਬਹੁਤ ਰਹਿਮ-ਦਿਲ ਪਿੰਡਵਾਸੀ ਸੀ। ਉਸ ਨੇ ਲੰਮੀ ਸੋਚ ਕੇ ਬਾਲ ਊਧਮ ਸਿੰਘ ਨੂੰ ਸੈਂਟਰਲ ਖ਼ਾਲਸਾ ਯਤੀਮਖ਼ਾਨਾ, ਅੰਮ੍ਰਿਤਸਰ ਵਿਖੇ ਦਾਖ਼ਲ ਕਰਵਾ ਦਿੱਤਾ। ਊਧਮ ਸਿੰਘ ਦੀ ਮੁਢਲੀ ਵਿੱਦਿਆ ਇੱਥੇ ਹੀ ਪੂਰੀ ਹੋਈ। ਉਸ ਦਾ ਪਹਿਲਾ ਨਾਂ ਸ਼ੇਰ ਸਿੰਘ ਸੀ ਜੋ ਯਤੀਮਖ਼ਾਨੇ ਅੰਮ੍ਰਿਤਪਾਨ ਕਰਨ ਉਪਰੰਤ ਉਦੈ ਸਿੰਘ ਰੱਖਿਆ ਗਿਆ। ਉਹ ਬਾਅਦ ਵਿੱਚ ਊਧਮ ਸਿੰਘ ਦੇ ਨਾਂ ਨਾਲ ਦੁਨੀਆ ਵਿੱਚ ਜਾਣਿਆ ਜਾਣ ਲੱਗਾ। ਇਸ ਦੌਰਾਨ ਊਧਮ ਸਿੰਘ ਦਾ ਵੱਡਾ ਭਰਾ ਸਾਧੂ ਸਿੰਘ 19 ਸਾਲ ਦੀ ਉਮਰ ਵਿੱਚ ਹੀ ਚਲਾਣਾ ਕਰ ਗਿਆ। ਭਰਾ ਦੀ ਮੌਤ ਨੇ ਊਧਮ ਸਿੰਘ ਨੂੰ ਡੂੰਘਾ ਸਦਮਾ ਪਹੁੰਚਾਇਆ। ਹੁਣ ਊਧਮ ਸਿੰਘ ਇਕੱਲਾ ਰਹਿ ਗਿਆ।

ਯਤੀਮਖ਼ਾਨੇ ਰਹਿ ਕੇ ਊਧਮ ਸਿੰਘ ਨੇ ਦਸਵੀਂ ਪਾਸ ਕਰ ਲਈ। ਉਹ ਆਪਣੇ ਭਵਿਖ ਬਾਰੇ ਸੁਪਨੇ ਲੈਣ ਲੱਗਿਆ। ਦੇਸ ਦੀ ਅਜ਼ਾਦੀ ਦੀ ਲਹਿਰ ਜ਼ੋਰਾਂ 'ਤੇ ਸੀ। 13 ਅਪਰੈਲ, 1919 ਨੂੰ ਜਲ੍ਹਿਆਂਵਾਲੇ ਬਾਗ ਦਾ ਖ਼ੂਨੀ ਸਾਕਾ ਵਾਪਰ ਗਿਆ। ਜਨਰਲ ਡਾਇਰ ਨੇ ਨਿਹੱਥੇ ਤੇ ਬੇਕਸੂਰ ਲੋਕਾਂ ਉੱਪਰ ਗੋਲੀਆਂ ਚਲਾ ਕੇ ਉਹਨਾਂ ਦੇ ਖ਼ੂਨ ਨਾਲ ਹੋਲੀ ਖੇਡੀ। ਪੰਜਾਬ ਦੀ ਵਿਸਾਖੀ ਲਹੂ-ਲੁਹਾਨ ਹੋ ਗਈ।ਯਤੀਮਖ਼ਾਨੇ ਨੇ ਊਧਮ ਸਿੰਘ ਦੀ ਅਗਵਾਈ ਵਿੱਚ ਇੱਕ ਜਥਾ ਜ਼ਖ਼ਮੀਆਂ ਦੀ ਦੇਖ-ਭਾਲ ਲਈ ਜਲ੍ਹਿਆਂਵਾਲੇ ਬਾਗ ਭੇਜਿਆ। ਇੱਥੇ ਲਾਸ਼ਾਂ, ਜ਼ਖ਼ਮੀਆਂ ਦੀਆਂ ਚੀਕਾਂ ਅਤੇ ਮਿਰਤਕਾਂ ਦੇ ਵਾਰਸਾਂ ਦੀ ਕੁਰਲਾਹਟ ਨੇ ਗੱਭਰੂ ਊਧਮ ਸਿੰਘ ਨੂੰ ਅੰਦਰੋਂ ਹਿਲਾ ਕੇ ਰੱਖ ਦਿੱਤਾ। ਜਲ੍ਹਿਆਂਵਾਲੇ ਬਾਗ ਦੀ ਘਟਨਾ ਦਾ ਸਾਰੇ ਦੇਸ ਵਿੱਚ ਪ੍ਰਤਿਕਰਮ ਹੋਇਆ। ਹੰਟਰ ਕਮੇਟੀ ਦੀ ਰਿਪੋਰਟ ਅਨੁਸਾਰ ਇਸ ਘਟਨਾ ਵਿੱਚ 379 ਵਿਅਕਤੀ ਮਾਰੇ ਗਏ ਅਤੇ ਇਸ ਤੋਂ ਤਿੰਨ ਗੁਣਾ ਜ਼ਿਆਦਾ ਵਿਅਕਤੀ ਫੱਟੜ ਹੋਏ ਪਰ ਅਸਲ ਵਿੱਚ ਇਸ ਖ਼ੂਨੀ ਕਾਂਡ ਵਿੱਚ ਇਸ ਤੋਂ ਕਈ ਗੁਣਾ ਵਧੇਰੇ ਜਾਨਾਂ ਬਲੀ ਚੜ੍ਹ ਗਈਆਂ।

ਊਧਮ ਸਿੰਘ ਨੇ ਜਲ੍ਹਿਆਂ ਵਾਲੇ ਬਾਗ਼ ਦਾ ਦਿਲ-ਕੰਬਾਊ ਤੇ ਦਰਦਨਾਕ ਦ੍ਰਿਸ਼ ਆਪਣੇ ਅੱਖੀਂ ਵੇਖਿਆ ਸੀ।ਉਸ ਦੇ ਖ਼ੂਨ ਨੇ ਉਬਾਲਾ ਖਾਧਾ।ਉਸ ਨੇ ਪ੍ਰਣ ਕੀਤਾ ਕਿ ਉਹ ਇਸ ਘਟਨਾ ਦੇ ਜ਼ਿੰਮੇਵਾਰ ਜਨਰਲ ਡਾਇਰ ਤੋਂ ਖ਼ੂਨ ਦਾ ਬਦਲਾ ਲਏ ਬਿਨਾਂ ਸਾਹ ਨਹੀਂ ਲਵੇਗਾ। ਇਸ ਘਟਨਾ ਨੇ ਊਧਮ ਸਿੰਘ ਦੀ ਜੀਵਨ-ਸੇਧ ਹੀ ਬਦਲ ਕੇ ਰੱਖ ਦਿੱਤੀ। ਆਖ਼ਰ ਉਹ 1920 ਵਿੱਚ ਅਫ਼ਰੀਕਾ ਚਲੇ ਗਿਆ ਅਤੇ 1921 ਵਿੱਚ ਅਮਰੀਕਾ ਪਹੁੰਚਿਆ। ਇੱਥੇ ਉਸ ਦਾ ਮੇਲ ਹਿੰਦੁਸਤਾਨ ਦੇ ਇਨਕਲਾਬੀ ਲੀਡਰਾਂ ਨਾਲ ਹੋਇਆ।ਫਿਰ ਉਹ ਦੇਸ ਪਰਤ ਆਇਆ ਅਤੇ ਅੰਮ੍ਰਿਤਸਰ ਇੱਕ ਛੋਟੇ ਜਿਹੇ ਮਕਾਨ 'ਚ ਕਿਰਾਏ 'ਤੇ ਰਹਿਣ ਲੱਗ ਪਿਆ। ਉਸ ਨੇ ਆਪਣਾ ਨਾਂ ਬਦਲ ਕੇ 'ਰਾਮ ਮੁਹੰਮਦ ਸਿੰਘ ਆਜ਼ਾਦ' ਰੱਖ ਲਿਆ। ਉਸ ਦਾ ਮਕਾਨ ਕ੍ਰਾਂਤੀਕਾਰੀਆਂ ਦਾ ਅੱਡਾ ਬਣ ਗਿਆ। 30 ਅਗਸਤ, 1927 ਈ. ਨੂੰ ਸੀ. ਆਈ. ਡੀ. ਨੇ ਉਸ ਨੂੰ ਅੰਮ੍ਰਿਤਸਰ ਤੋਂ ਗਰਿਫ਼ਤਾਰ ਕਰ ਲਿਆ।ਉਸ ਕੋਲੋਂ ਬਹੁਤ ਸਾਰਾ ਇਨਕਲਾਬੀ ਸਾਹਿਤ ਅਤੇ ਤਿੰਨ ਪਸਤੌਲ ਬਰਾਮਦ ਕੀਤੇ ਗਏ। ਇਸ ਕਾਰਨ ਉਸ ਨੇ ਪਿਸ਼ਾਵਰ ਅਤੇ ਮੁਲਤਾਨ ਦੀ ਜੇਲ੍ਹ ਵਿੱਚ ਪੰਜ ਸਾਲ ਸਖ਼ਤ ਕੈਦ ਦੀ ਸਜ਼ਾ ਭੁਗਤੀ ਅਤੇ ਉਹ 1932 ਈ. ਵਿੱਚ ਰਿਹਾ ਹੋਇਆ। ਹੁਣ ਊਧਮ ਸਿੰਘ ਦਾ ਸਿਰੜ ਹੋਰ ਵੀ ਪੱਕਾ ਹੋ ਗਿਆ ਅਤੇ ਉਸ ਨੂੰ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਨੇ ਹੋਰ ਵੀ ਬਲ ਪ੍ਰਦਾਨ ਕੀਤਾ।

1932 ਈ. ਵਿੱਚ ਹੀ ਉਸ ਦੀ ਮੁਲਾਕਾਤ ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਹੋਈ। ਦੇਸ-ਭਗਤੀ ਦੀ ਭਾਵਨਾ ਮਨ ਵਿੱਚ ਲੈ ਕੇ ਉਸ ਨੇ ਫ਼ਰਾਂਸ, ਜਰਮਨੀ ਅਤੇ ਸਵਿਟਜ਼ਰਲੈਂਡ ਵਿੱਚ ਜਾ ਕੇ ਭਾਰਤ ਦੀ ਅਜ਼ਾਦੀ ਲਈ ਪ੍ਰਚਾਰ ਕੀਤਾ। ਆਖ਼ਰ 1937 ਈ. ਵਿੱਚ ਉਹ ਇੰਗਲੈਂਡ ਪਹੁੰਚ ਗਿਆ। ਇੱਥੇ ਰਹਿੰਦਿਆਂ ਊਧਮ ਸਿੰਘ ਨੇ ਜ਼ਿੰਦਗੀ ਦੀਆਂ ਅਨੇਕਾਂ ਔਕੜਾਂ ਦਾ ਸਾਹਮਣਾ ਕੀਤਾ। ਉਸ ਨੂੰ ਆਪਣਾ ਟੀਚਾ ਪੂਰਾ ਕਰਨ ਤੋਂ ਬਿਨਾਂ ਹੋਰ ਕੁਝ ਵੀ ਚੰਗਾ ਨਹੀਂ ਸੀ ਲੱਗਦਾ।ਊਧਮ ਸਿੰਘ ਬਚਪਨ ਤੋਂ ਹੀ ਚੁੱਪ-ਚਾਪ, ਸ਼ਾਂਤ ਸੁਭਾਅ, ਸਿਰੜੀ, ਹਿੰਮਤੀ ਤੇ ਲਗਨ ਨਾਲ ਕੰਮ ਕਰਨ ਦਾ ਆਦੀ ਸੀ।ਊਧਮ ਸਿੰਘ ਨੇ ਜਦ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਫਾਂਸੀ ਦੀ ਖ਼ਬਰ ਸੁਣੀ ਤਾਂ ਉਹ ਬਹੁਤ ਦੁਖੀ ਹੋਇਆ। ਉਹ ਕਈ ਦਿਨ ਚੁੱਪ ਰਿਹਾ ਅਤੇ ਖਾਧਾ-ਪੀਤਾ ਵੀ ਕੁਝ ਨਾ।ਊਧਮ ਸਿੰਘ ਹਰ ਸਮੇਂ ਆਪਣੇ ਦੇਸ਼ ਦੀ ਅਜ਼ਾਦੀ ਬਾਰੇ ਸੋਚਦਾ ਰਹਿੰਦਾ ਸੀ।

ਲੰਡਨ ਪੁੱਜ ਕੇ ਊਧਮ ਸਿੰਘ ਨੇ ਇੰਜੀਨੀਅਰਿੰਗ ਦਾ ਕੋਰਸ ਕਰ ਕੇ ਉੱਥੇ ਹੀ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ ਪਰੰਤੂ ਉਹ ਕਿਸੇ ਹੋਰ ਤਾਕ ਵਿੱਚ ਸੀ।ਉਹ ਲਗ-ਪਗ ਸੱਤ ਸਾਲ ਇੰਗਲੈਂਡ ਵਿੱਚ ਰਿਹਾ। ਇਸ ਦੌਰਾਨ ਜਨਰਲ ਡਾਇਰ ਤਾਂ ਮਰ ਚੁੱਕਾ ਸੀ ਪਰੰਤੂ ਉਸ ਸਮੇਂ ਦੇ ਪੰਜਾਬ ਦਾ ਗਵਰਨਰ ਸਰ ਮਾਈਕਲ ਉਡਵਾਇਰ ਅਜੇ ਜਿਊਂਦਾ ਸੀ। 13 ਮਾਰਚ, 1940 ਨੂੰ ਭਾਰਤ ਵਿੱਚ ਰਹਿ ਚੁੱਕੇ ਅੰਗਰੇਜ਼ ਅਫ਼ਸਰਾਂ ਦੀ ਮੀਟਿੰਗ ਲੰਡਨ ਦੇ ਕੈਕਸਟਨ ਹਾਲ ਵਿੱਚ ਹੋ ਰਹੀ ਸੀ ਜਿਸ ਬਾਰੇ ਊਧਮ ਸਿੰਘ ਨੇ ਜਾਣਕਾਰੀ ਪ੍ਰਾਪਤ ਕਰ ਲਈ ਸੀ। ਇਸ ਮੀਟਿੰਗ ਵਿੱਚ ਸਰ ਮਾਈਕਲ ਉਡਵਾਇਰ ਸਾਬਕਾ ਲੈਫ਼ਟੀਨੈਂਟ ਗਵਰਨਰ ਪੰਜਾਬ, ਲਾਰਡ ਜੈਟਲੈਂਡ, ਲਾਰਡ ਲਮਿੰਗਟਨ ਅਤੇ ਹੋਰ ਅਨੇਕਾਂ ਉੱਚ ਅਧਿਕਾਰੀ ਮੌਜੂਦ ਸਨ।ਊਧਮ ਸਿੰਘ ਵੀ ਇਸ ਹਾਲ ਵਿੱਚ ਅੰਗਰੇਜ਼ੀ ਅੰਦਾਜ਼ ਦੇ ਕੱਪੜੇ, ਓਵਰਕੋਟ ਤੇ ਹੈਟ ਪਹਿਨ ਕੇ ਪਹੁੰਚ ਗਿਆ।

ਹਾਲ ਵਿੱਚ ਸਰ ਮਾਈਕਲ ਉਡਵਾਇਰ ਨੇ ਬੜੇ ਜੋਸ਼ ਨਾਲ ਆਪਣਾ ਭਾਸ਼ਣ ਸ਼ੁਰੂ ਕੀਤਾ। ਅਜੇ ਉਸ ਨੇ ਕੁਝ ਸ਼ਬਦ ਹੀ ਬੋਲੇ ਸਨ ਕਿ ਊਧਮ ਸਿੰਘ ਨੇ ਇੱਕ ਨੁੱਕਰ 'ਚੋਂ ਉੱਠ ਕੇ ਉਡਵਾਇਰ ਨੂੰ ਪਸਤੌਲ ਦੀਆਂ ਗੋਲੀਆਂ ਨਾਲ ਸਦਾ ਦੀ ਨੀਂਦ ਸੁਆ ਦਿੱਤਾ। ਇਸ ਲੜਾਈ ਵਿੱਚ ਲਾਰਡ ਜੈਟਲੈਂਡ ਅਤੇ ਲਾਰਡ ਲਮਿੰਗਟਨ ਵੀ ਜ਼ਖ਼ਮੀ ਹੋ ਗਏ। ਸਾਰੇ ਹਾਲ ਵਿੱਚ ਭਗਦੜ ਮੱਚ ਗਈ ਪਰੰਤੂ ਊਧਮ ਸਿੰਘ ਦਲੇਰੀ ਨਾਲ ਉੱਥੇ ਹੀ ਖੜ੍ਹਾ ਰਿਹਾ, ਜਿਵੇਂ ਕਹਿ ਰਿਹਾ ਹੋਵੇ, "ਮੈਨੂੰ ਫੜ ਲਓ ਲੰਡਨ ਵਾਸੀਓ, ਮੈਂ ਖੜ੍ਹਾ ਪੁਕਾਰਾਂ"। ਇਹ ਖ਼ਬਰ ਦੁਨੀਆ ਭਰ ਵਿੱਚ ਫੈਲ ਗਈ।ਊਧਮ ਸਿੰਘ ਨੂੰ ਗਰਿਫ਼ਤਾਰ ਕਰ ਲਿਆ ਗਿਆ। ਉਸ ਨੇ ਬੜੇ ਮਾਣ ਨਾਲ ਆਪਣੇ ਕਾਰਨਾਮੇ ਦਾ ਇਕਬਾਲ ਕੀਤਾ।

ਊਧਮ ਸਿੰਘ ਨੂੰ ਬਰਿਕਸਟਨ ਜੇਲ੍ਹ ਵਿੱਚ ਡੱਕ ਦਿੱਤਾ ਗਿਆ ਤੇ ਉਸ 'ਤੇ ਮੁਕੱਦਮਾ ਚਲਾਇਆ ਗਿਆ। ਜੇਲ੍ਹ ਵਿੱਚ ਉਹ ਬਹੁਤ ਹੌਂਸਲੇ ਨਾਲ ਰਿਹਾ। ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਉਸ ਨੇ ਆਖਿਆ, "ਮੈਂ ਮਰਨ ਤੋਂ ਨਹੀਂ ਡਰਦਾ। ਮੈਂ ਉਡਵਾਇਰ ਨੂੰ ਮਾਰ ਕੇ ਹਜ਼ਾਰਾਂ ਬੇਗੁਨਾਹਾਂ ਦੇ ਖ਼ੂਨ ਦਾ ਬਦਲਾ ਲਿਆ ਹੈ। ਇਸ ਅਨੋਖੇ ਤੇ ਉੱਦਮੀ ਕਾਰਨਾਮੇ ਲਈ ਊਧਮ ਸਿੰਘ ਨੂੰ 20 ਸਾਲ, 11 ਮਹੀਨੇ ਤੱਕ ਉਡੀਕ ਕਰਨੀ ਪਈ ਜੋ ਦੁਨੀਆ ਦੇ ਇਤਿਹਾਸ ਵਿੱਚ ਇੱਕ ਵਿਚਿੱਤਰ ਘਟਨਾ ਹੈ।ਆਖ਼ਰ 31 ਜੁਲਾਈ, 1940 ਈ. ਨੂੰ ਊਧਮ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ।

ਇਸ ਸੂਰਬੀਰ ਦੀਆਂ ਅਸਥੀਆਂ ਇੰਗਲੈਂਡ ਤੋਂ ਭਾਰਤ ਸਰਕਾਰ ਰਾਹੀਂ ਪੰਜਾਬ ਵਿੱਚ ਲਿਆਂਦੀਆਂ ਗਈਆਂ ਤੇ ਉਸ ਦੇ ਜੱਦੀ ਪਿੰਡ ਸੁਨਾਮ ਵਿਖੇ 31 ਜੁਲਾਈ, 1974 ਨੂੰ ਪੂਰੇ ਸਨਮਾਨਾਂ ਨਾਲ ਉਹਨਾਂ ਦਾ ਸਸਕਾਰ ਕੀਤਾ ਗਿਆ। ਪੰਜਾਬ ਸਰਕਾਰ ਨੇ ਸ਼ਹੀਦ ਊਧਮ ਸਿੰਘ ਦਾ ਆਦਮ-ਕੱਦ ਬੁੱਤ, ਇੱਕ ਲੱਖ 60 ਹਜ਼ਾਰ ਰੁਪਏ ਦੀ ਲਾਗਤ ਨਾਲ ਅੰਮ੍ਰਿਤਸਰ ਵਿੱਚ ਵੀ ਲਾਇਆ।

ਇਸ ਅਮਰ ਸ਼ਹੀਦ ਦੀ ਯਾਦ ਵਿੱਚ ਕਈ ਕਾਲਜ, ਸਕੂਲ, ਹਸਪਤਾਲ, ਲਾਇਬ੍ਰੇਰੀਆਂ, ਇੱਕ ਨਗਰ ਅਤੇ ਹੋਰ ਕਈ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ ਹਨ। ਪੰਜਾਬ ਦੇ ਇਸ ਸੂਰਬੀਰ ਨੂੰ ਆਉਣ ਵਾਲੀਆਂ ਨਸਲਾਂ ਸਦਾ ਚੇਤੇ ਰੱਖਣਗੀਆਂ।